BEST DEAL TRAVEL INC. LICENSE # BCCP 79578
SPECIAL FARE TO INDIA
BEST DEAL TRAVEL INC.
#120 13740 72A Ave Surrey BC
YOU CAN CONTACT US AT WHATSAPP ALSO PARDEEP SANDHU
778-895-5422

ROYAL TOUCH HOMES "DREAMS TO REALTY"
-CONTRACTING -CUSTOM HOMES -LICENSED BUILDER -FRAMING
ਲੋਅਰਮੇਨਲੈਂਡ-ਫਰੇਜਰ ਵੈਲੀ ਵਿਚ ਆਪਣਾ ਸੁਪਨਿਆਂ ਦਾ ਘਰ ਬਣਾਉਣ ਲਈ ਸਾਡੇ ਨਾਲ ਸੰਪਰਕ ਕਰੋ
JASVIR S. SANGHA: 778-847-9128 BUILDER

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN
B.C Greater Vancouver, Fraser Valley, Victoria, Nanaimo, Prince George, Kamloops, Kelowna, Oliver, Squamish
ALBERTA Edmonton Calgary
ONTARIO Ottawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 30, Issue No. 45, Ending Date:Nov 10, 2023

IDEAL UPFITTERS ...It's arranged.
BC based Truck and Van Up fitting Company
We provide quality Vans & Specialty Vehicles upfitting that provides custom specialty vehicle upfit services to a wide variety of trades and industries.
• ਸ਼ੈਲਫਾਂ • ਵਾਲ ਲਾਈਨਿੰਗ ਕਿੱਟ & ਫਲੋਰ • ਸੇਫਟੀ ਪਾਰਟੀਸ਼ਨ • ਡਰਾਅਰ ਸਿਸਟਮ • ਲੈਡਰ ਰੈਕਸ • ਵਰਕ ਬੈਂਚ
• ਲਾਈਟਿੰਗ • ਕੰਪਰੈਸਰਜ • ਪਾਵਰ ਇਨਵਰਟਰ • ਸੀਟ ਕਵਰ • ਅਸੈਂਬਲੀ • ਕਸਟਮ ਕੈਬਨਿਟਸ
WWW.IDEALUPFITTERS.COM
info@idealupfitters.com
MONDAY TO FRIDAY 9am-5pm SATURDAY By appointments only SUNDAY CLOSED
PH:604-599-0096
#7-12468-82Ave Surrey, BC, V3W 3E9

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
• Purchases with 5% Down Payment
• Refinance & Renewals at Best Rates
• Self-employment - Special Programs
• Second Mortgage & Equity Loans (No Income Verification)
• Private financing - Easy Approvals
• Low Income & Bad Credit Financing
Satnam Saroya
Mortgage Specialist
604.760.9172
# 384-8148 128 St, Surrey
(Payal Buss. Centre)

# ਵੱਖਰਾ ਝੰਡਾ ਤੇ ਸੰਵਿਧਾਨ ਦੀਆਂ ਮੰਗਾਂ ਪੂਰੀਆਂ ਨਾ ਹੋਣ ‘ਤੇ ਨਾਗਾ ਸਮੂਹ ਸ਼ਾਂਤੀ ਵਾਰਤਾ ਤੋਂ ਹਟਣ ਲਈ ਤਿਆਰ

ਨਵੀਂ ਦਿੱਲੀ:ਕੇਂਦਰ ਸਰਕਾਰ ‘ਤੇ ਇੱਕ ਤਾਜ਼ਾ ਹੱਲਾ ਬੋਲਦਿਆਂ, ਨਾਗਾਲੈਂਡ ਦੇ ਸੀਨੀਅਰ ਨੇਤਾਵਾਂ ਨੇ ਭਾਰਤ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਸੰਗਠਨ ਦੀ ਵੱਖਰੇ ਝੰਡੇ ਅਤੇ ਸੰਵਿਧਾਨ ਦੀ ਮੰਗ ਨੂੰ ਪੂਰਾ ਨਾ ਕੀਤਾ ਗਿਆ ਤਾਂ ਚੱਲ ਰਹੀ ਸ਼ਾਂਤੀ ਵਾਰਤਾ ਤੋਂ ਵਾਕਆਊਟ ਕਰ ਦਿੱਤਾ ਜਾਵੇਗਾ।25 ਅਕਤੂਬਰ ਨੂੰ ਮਣੀਪੁਰ ਦੇ ਨਾਗਾ ਬਹੁਗਿਣਤੀ ਵਾਲੇ ਉਖਰੁਲ ਜ਼ਿਲੇ ਵਿੱਚ ਨਾਗਾ ਨੇਤਾਵਾਂ ਦੀ ਇੱਕ ਦਿਨ ਭਰੀ ਜਨਤਕ ਸਲਾਹਕਾਰ ਮੀਟਿੰਗ ਵਿੱਚ ਬੋਲਦਿਆਂ ਕਿਹਾ ਕਿ ਵੱਖਰੇ ਝੰਡੇ ਦਾ ਮੁੱਦਾ ਅੰਤਮ ਰੂਪ ਦੇਣ ਦੇ ਪੜਾਅ ‘ਤੇ ਹੈ ਅਤੇ ਗੱਲਬਾਤ ਚੱਲ ਰਹੀ ਹੈ।ਸੰਗਾਈ ਐਕਸਪ੍ਰੈਸ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਉਨਾ ਨੇ ਜ਼ੋਰ ਦੇ ਕੇ ਕਿਹਾ ਹੈ ਕਿ (ਨਰਿੰਦਰ ਮੋਦੀ ਸਰਕਾਰ ਦੁਆਰਾ) ਨਾਗਾਂ ਦੀ ਸਥਿਤੀ ਦਾ ਸਨਮਾਨ ਨਾ ਕੀਤੇ ਜਾਣ ਦੀ ਸਥਿਤੀ ਵਿੱਚ ਤਾਂ ਨਾਗਾ ਸੰਗਠਨ ਨਵੀਂ ਦਿੱਲੀ ਨਾਲ ਜੰਗਬੰਦੀ ਦਾ ਸਮਝੌਤਾ ਵੀ ਤੋੜ ਦੇਵੇਗੀ।ਰਿਪੋਰਟ ਵਿੱਚ



ਕਿਹਾ ਗਿਆ ਹੈ ਕਿ ਨਾਗਾ ਆਗੂਆਂ ਨੇ ਇਹ ਦੁਹਰਾਉਂਦੇ ਹੋਏ ਕਿਹਾ ਕਿ ਕਿ “ਨਾਗਾ ਲੋਕ ਭਾਰਤ ਜਾਂ ਮਿਆਂਮਾਰ ਵਿੱਚ ਰਲੇਵੇਂ ਦਾ ਕੋਈ ਇਰਾਦਾ ਨਹੀਂ ਰੱਖਦੇ ਹਨ”। ਇਹ ਵੀ ਕਿਹਾ, “ਕੋਈ ਵੀ ਭਾਰਤੀ ਕਾਨੂੰਨ ਸਾਨੂੰ ਬੰਨ੍ਹ ਨਹੀਂ ਸਕਦਾ।“2015 ਤੋਂ ਕੇਂਦਰ ਨਾਲ ਸ਼ਾਂਤੀ ਵਾਰਤਾ ਵਿੱਚ ਹਿੱਸਾ ਲੈ ਰਹੇ ਚੋਟੀ ਦੇ ਨੇਤਾ ਨੇ ਦਾਅਵਾ ਕੀਤਾ ਕਿ “ਨਾਗਾ ਖੇਤਰ ਵਿੱਚ (ਕੇਂਦਰ ਦਾ) ਕਿਸੇ ਵੀ ਰੂਪ ਦਾ ਥੋਪਣਾ ਉਨ੍ਹਾਂ ਦੇ ਪੁਸ਼ਤੈਨੀ ਜ਼ਮੀਨੀ ਅਧਿਕਾਰਾਂ ਦੀ ਰਾਖੀ ਲਈ ਉਨ੍ਹਾਂ ਦੇ ਅੰਦੋਲਨ ਨੂੰ ਹੋਰ ਵਧੇਰੇ ਗਤੀਸ਼ੀਲ ਬਣਾਏਗਾ”,। ਦਿੱਲੀ ਨੇ “ਰਾਜਨੀਤਿਕ ਗੱਲਬਾਤ ਦੀ ਇੱਕ ਲੜੀ ਤੋਂ ਬਾਅਦ ਨਾਗਾਂ ਦੇ ਵਿਲੱਖਣ ਇਤਿਹਾਸ ਨੂੰ ਮਾਨਤਾ ਦਿੱਤੀ ਹੈ।“ਉਸਨੇ ਆਪਣੇ ਸੰਬੋਧਨ ਵਿੱਚ ਇਹ ਵੀ ਕਿਹਾ ਕਿ “ਨਾਗਾ ਮੁੱਦੇ ਨੂੰ ਹੱਲ ਕੀਤੇ ਬਿਨਾਂ ਭਾਰਤੀ ਉਪ ਮਹਾਂਦੀਪ ਵਿੱਚ ਸ਼ਾਂਤੀ ਨਹੀਂ ਹੋਵੇਗੀ।

ਚੇਤੇ ਰਹੇ ਵੱਖਰੇ ਝੰਡੇ ਅਤੇ ਸੰਵਿਧਾਨ ਦੇ ਮੁੱਦੇ ‘ਤੇ ਸਮਝੌਤਾ ਕਰਨ ਤੋਂ ਇਨਕਾਰ ਕਰਨ ਕਾਰਨ ਸ਼ਾਂਤੀ ਵਾਰਤਾ ਵਿੱਚ ਲੰਬੇ ਸਮੇਂ ਤੋਂ ਰੁਕਣ ਤੋਂ ਬਾਅਦ, ਗ੍ਰਹਿ ਮੰਤਰਾਲੇ ਨੇ ਪਿਛਲੇ ਅਗਸਤ ਵਿੱਚ ਇਸਨੂੰ ਦੁਬਾਰਾ ਸ਼ੁਰੂ ਕੀਤਾ ਸੀ।ਉਨ੍ਹਾਂ ਗੱਲਬਾਤ ਤੋਂ ਪਹਿਲਾਂ, ਚੋਟੀ ਦੇ ਨੇਤਾ ਮੁਈਵਾ ਨੇ ਆਪਣੇ ‘ਨਾਗਾ ਸੁਤੰਤਰਤਾ ਦਿਵਸ’ ਭਾਸ਼ਣ ਵਿੱਚ ਵੀ ਉਨ੍ਹਾਂ ਮੰਗਾਂ ਨੂੰ ਦੁਹਰਾਇਆ ਸੀ।

“ਝੰਡਾ ਅਤੇ ਸੰਵਿਧਾਨ ਕੁਦਰਤੀ ਤੌਰ ‘ਤੇ ਲੋਕਾਂ ਦੀ ਪ੍ਰਭੂਸੱਤਾ ਤੋਂ ਅਟੁੱਟ ਹਨ। ਇਹ ਵਿਸ਼ਵਵਿਆਪੀ ਤੌਰ ‘ਤੇ ਪ੍ਰਵਾਨਿਤ ਸੱਚ ਹੈ ਕਿ ਝੰਡਾ ਅਤੇ ਸੰਵਿਧਾਨ ਪ੍ਰਭੂਸੱਤਾ ਦੇ ਹਿੱਸੇ ਹਨ। ਇਸ ਬਾਰੇ ਕੋਈ ਅਸਪਸ਼ਟਤਾ ਨਹੀਂ ਹੈ। ਭਾਰਤੀ ਆਗੂ ਵੀ ਇਸ ਨੂੰ ਸਮਝਦੇ ਹਨ।ਉਨ੍ਹਾਂ ਨੂੰ ਸੱਚ ਬੋਲਣ ਲਈ ਸਟੈਂਡ ਲੈਣਾ ਚਾਹੀਦਾ ਹੈ।

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
• ਲਾਈਫ ਇੰਸ਼ੋਰੈਂਸ • ਟ੍ਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮਨੀ-ਬੈਕ ਟਰਮ ਇੰਸ਼ੋਰੈਂਸ • ਕ੍ਰਿਟੀਕਲ ਇਲਨੈਸ ਇੰਸ਼ੋਰੈਂਸ • ਪਰੋਵਿੰਸ ਤੋਂ ਬਾਹਰ ਕਵਰੇਜ • ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

BASANT SWEETS & RESTAURANT
ਮੰਦਰ, ਗੁਰਦੁਆਰਾ ਸਾਹਿਬ ਅਤੇ ਧਾਰਮਿਕ ਸਮਾਗਮ,ਫੰਕਸ਼ਨਾਂ ਲਈ ਵਿਸ਼ੇਸ਼ ਡਿਸਕਾਊਂਟ
100 ਲੋਕਾਂ ਦੀ ਕੇਟਰਿੰਗ ਸਿਰਫ $1999 ਵਿਚ
ਚਨਾ ਭਟੂਰਾ ਅੰਮ੍ਰਿਤਸਰੀ ਕੁਲਚਾ $4.99 Take Away
Tiffin $195/month
TAKE OUT-DINE IN & CATERING
ਫੋਨ:604-595-3535
#402-8148 128 St. Surrey (Payal Business Cenre)

Top rated Indian Restaurant in Richmond
GINGER INDIAN CUISINE
SERVING SINCE 2013
2 FREE NAAN with minimum purchase of $25
10% Off with minimum purchase of $30
conditions apply only with this coupon
expiry date October 2023
Ph:604-370-1300
#490-9100 Blundell road Richmond BC V6Y 3X9

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential
Interior & Exterior
Ph:604-897-2526

TRANSWORLD TRAVEL
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
604-852-2204

SUPER VISA INSURANCE
• BEST RATES GUARANTEED
• FULL REFUND IF VISA DENIED
• PARTIAL REFUND IF PARENTS LEAVE EARLY
• MORTGAGE INSURANCE
CALL SUPER VISA SPECIALIST
SANDEEP AHUJA CHS
604-996-6862
Surrey & Abbotsford

We Moved To New Location
27441-FRASER HWY. ALDERGROVE, BC
Universal Auto Collision Ltd.
• ICBC Claims • Private Claims • Free Courtesy Cars • Auto Glass Replacement • Free Estimates
ਆਈ. ਸੀ. ਬੀ. ਸੀ. ਕਲੇਮਜ਼ ਪ੍ਰਾਈਵੇਟ ਕਲੇਮਜ਼ ਫਰੀ ਕਰਟਸੀ ਕਾਰ ਆਟੋ ਗਲਾਸ ਰਿਪਲੇਸਮੈਂਟ ਫਰੀ ਐਸਟੀਮੇਟ
Ph. 604-596-2800
Fax: 604-596-3800
Satisfaction Guarantee

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜਿਊਲਰਜ਼ ਲਿ:
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

IATA SIDHU TRAVEL LTD.
ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਵਾਜਿਬ ਰੇਟ 'ਤੇ ਟਿਕਟਾਂ ਬੁੱਕ ਕਰਵਾਉਣ ਲਈ ਸੰਪਰਕ ਕਰੋ:
Rani Sidhu (Manager)
Ph: 604-504-3400
Email : sidhutravel13@gmail.com
BESTWAY Foreign Exchange Ltd.
www.bestwayforeignexchange.com
Sony Sidhu (Zira)
Ph: 778-246-2500
604-592-2676
Unit 109, 12830-80 Ave York Centre Surrey

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ।ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

ਮੌਰਟਗੇਜ ਦੇ ਮਾਹਿਰ
MORTGAGE ALLIANCE
Avineet Kalsey
Mortgage Consultant
604.763.3000
• ਘਰਾਂ ਦੀ ਮੌਰਟਗੇਜ • ਸੈਕਿੰਡ ਮੌਰਟਗੇਜ • ਕੰਸਟ੍ਰਕਸ਼ਨ • ਕਮਰਸ਼ੀਅਲ
akalsey@mortgagealliance.com
MortgageAlliance.com/AvineetKalsey
CROSSTOWN
#1A - 2497 Clearbrook Rd, Abbotsford, BC V2T 2Y3
#205 - 12033 92A Ave. Surrey, BC V3V 4B8
Corp Office : 310-130 Brew St. Port Moody, BC V3H 0E3

• LIFE • DISABILITY • CRITICAL INSURANCE
SUPER VISA INSURANCE
• LIFE INSURANCE • DISABILITY INSURANCE • MORTGAGE INSURANCE • CRITICAL ILLNESS INSURANCE • TRAVEL & VISITOR INSURANCE • CHILDREN RESP
• ਲਾਈਫ ਇੰਸ਼ੋਰੈਂਸ • ਡਿਸਏਬੀਲਟੀ ਇੰਸ਼ੋਰੈਂਸ • ਮੌਰਟਗੇਜ ਇੰਸ਼ੋਰੈਂਸ • ਕ੍ਰਿਟੀਕਲ ਇਲਨੈਸ ਇੰਸ਼ੋਰੈਂਸ • ਟਰੈਵਲ ਅਤੇ ਵਿਜ਼ਟਰ ਇੰਸ਼ੋਰੈਂਸ • ਚਿਲਡਰਨ ਆਰ ਈ ਐੱਸ ਪੀ
ਸੁਪਰ ਵੀਜ਼ਾ ਇੰਸ਼ੋਰੈਂਸ Jagmeet Singh
Insurance Advisor
604.750.4848
jagmeet@punjabinsurance.ca
#301-8128-128th St., Surrey. B.C.

Acupuncture:Instant Pain Relief & Natural Healing
Back Pain, Sciatica, Arthritis, Shoulder /Neck & More
$60/Ses. Direct billing ICBC & Health Benefits
Discount for Seniors
Ph:778-317-2366
Add:15159-81Ave, Surrey, BC
www.greennatureacupuncture.com

# FARM AND SPICE

Open 7 Days a Week
8.30 am to 9.00 pm

**SPECIAL OFFERS: 3-9 NOV**

Daily Specials on

ਧਨੀਆ
**Cilantro** 69¢ each

ਫੀਜ਼ੀ ਪੇਠਾ
**Fizi Pumpkin** $1.49 /lb

ਐਂਬ੍ਰੋਸੀਆ ਸੇਬ
**Ambrosia BC Apple** 99¢ /lb

ਆਵੋਕਾਡੋ
**Avocado** 99¢ each

ਜ਼ੁਕੀਨੀ
**Zuchinni** $1.49 /lb

ਸੈਲਰੀ
**Celery** $1.99 each

ਮਿਰਚ
**Chilli** Hot Long $1.99 /lb

ਗਾਜਰਾਂ
**Carrots** Jumbo 79¢ /lb

ਲੈਟਿਸ ਹੈੱਡ
**Lettuce** Head $1.99 each

ਫੁੱਲ ਗੋਭੀ
**Cauliflower** $2.99 each

ਹੀਰ ਵੇਸਣ
**Heer Besan** 4lb $3.99 each

ਸ਼ੇਰ ਦਾਲਾਂ
**Sher Lentils**
Desi Chickpeas/Chana Daal/ Moong Washed/Moth/Red Split
4lb $4.99 each

ਸ਼ੇਰ ਵੇਸਣ
**Sher Besan** 4lb $3.99 each

ਮੇਰੀ ਚਾਹ
**Meri Chai** Tea Bags 216Bags $6.99 each

ਸਰ੍ਹੋਂ ਦਾ ਤੇਲ
**Gagan** Mustard Oil 250ml $1.49 each; 1ltr $4.99 each

ਅਖ਼ਰੋਟ
**Walnuts** Bulk $4.49 /lb

ਹੀਰ ਖੰਡ
**Heer Sugar** White/Brown 8 lb $6.99 each

ਪਾਰਲੀਮੈਂਟ ਚਾਵਲ
**Parliament** Basmati Rice 8 lb $7.99 each

ਇੰਡੀਆ ਐਟ ਹੋਮ ਚਾਵਲ
**India at Home** Basmati Rice 8lb $7.99 each

ਹੀਰ ਆਟਾ
**Heer Atta** Whole Wheat/ Durum Chakki 20 lb $11.99 each

ਕ੍ਰਾਊਨ ਤੇਲ
**Crown** Sunflower Oil 3 ltr $12.99 each

**#9546-9548 Scott Town Plaza 96 Ave Scott Road Surrey**
**# 09-10 12830 96 Ave. Surrey BC | Tel: 604 930 7742**
**# 103-104 14320 64 Ave. Surrey BC | Tel: 604 593 6323**

*while supply last

# ਸੀਐਮ ਵੱਲੋਂ ਰੱਖੀ ਸਿਆਸੀ ਬਹਿਸ ਹੋਈ ਖਤਮ, ਵਿਰੋਧੀ ਧਿਰ ਦਾ ਕੋਈ ਆਗੂ ਨਹੀਂ ਪੁੱਜਿਆ

ਲੁਧਿਆਣਾ:ਸੀਐਮ ਵਲੋਂ ਰੱਖੀ ਗਈ ਸਿਆਸੀ ਬਹਿਸ ਖਤਮ ਹੋ ਗਈ ਹੈ। ਇਸ ਬਹਿਸ ਵਿਚ ਹਿੱਸਾ ਲੈਣ ਲਈ ਕੋਈ ਵੀ ਵਿਰੋਧੀ ਧਿਰ ਦਾ ਆਗੂ ਨਹੀਂ ਪੁੱਜਿਆ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਦੇ ਆਡੀਟੋਰੀਅਮ ਵਿੱਚ ਸੀਐਮ ਭਗਵੰਤ ਮਾਨ ਵਲੋਂ ਰੱਖੀ ਗਈ ਬਹਿਸ ਖਤਮ ਹੋ ਗਈ ਹੈ। ਇਸ ਬਹਿਸ ਲਈ ਸੂਬੇ ਦੀਆਂ ਸਾਰੀਆਂ ਪ੍ਰਮੁੱਖ ਪਾਰਟੀਆਂ ਨੂੰ ਸੱਦਾ ਦਿੱਤਾ ਗਿਆ ਸੀ। ਇਨ੍ਹਾਂ ਵਿੱਚ ਕਾਂਗਰਸ ਦੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਪਾਰਟੀ ਕਾਂਗਰਸ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਅਕਾਲੀ ਦਲ ਦੇ ਮੁਖੀ ਸੁਖਬੀਰ ਬਾਦਲ ਅਤੇ ਭਾਜਪਾ ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਸ਼ਾਮਲ ਹਨ। ਇਨ੍ਹਾਂ ਚਾਰਾਂ ਲਈ ਆਡੀਟੋਰੀਅਮ ਵਿੱਚ ਕੁਰਸੀਆਂ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਹਾਲਾਂਕਿ ਇਨ੍ਹਾਂ ਵਿੱਚੋਂ ਕੋਈ ਵੀ ਬਹਿਸ ਵਿੱਚ ਨਹੀਂ ਆਇਆ। ਇੱਥੇ ਰੱਖੀਆਂ ਪੰਜ ਕੁਰਸੀਆਂ ਵਿੱਚੋਂ ਇੱਕ 'ਤੇ ਸਿਰਫ਼ ਭਗਵੰਤ ਮਾਨ ਹੀ ਬੈਠੇ ਸਨ।

ਸੀਐਮ ਮਾਨ ਨੇ ਕਿਹਾ ਇਹਨਾਂ ਖਾਲੀ ਕੁਰਸੀਆਂ ਦਾ ਕੀ ਕਰੀਏ। ਅਜਿਹੀ ਬਹਿਸ ਲਈ ਸੱਦਾ ਦੇਣਾ ਦਲੇਰੀ ਦਾ ਕੰਮ ਹੈ। ਪਹਿਲੀ ਵਾਰ ਇਹ ਸਾਰੀਆਂ ਪਾਰਟੀਆਂ ਸੱਤਾ ਤੋਂ ਬਾਹਰ ਹੋਈਆਂ ਹਨ। ਇਨ੍ਹਾਂ ਤੋਂ ਸਵਾਲ ਪੁੱਛਣਾ ਬਣਦਾ ਹੈ। ਜੇਕਰ ਮੈਂ ਕੁਝ ਗਲਤ ਕਰਾਂਗਾ ਤਾਂ 20 ਸਾਲ ਬਾਅਦ ਅਗਲੀ ਪੀੜ੍ਹੀ ਮੇਰੇ ਕੋਲੋਂ ਪੁੱਛੇਗੀ ਕੀ ਇਹ ਕੀ ਕੀਤਾ। ਮੁੱਖ ਮੰਤਰੀ ਭਗਵੰਤ ਮਾਨ ਨੇ ਪਹਿਲੇ




ਪੰਜ ਮੁੱਦੇ ਐਸਵਾਈਐਲ, ਟਰਾਂਸਪੋਰਟ, ਪੰਜਾਬ 'ਤੇ ਕਰਜ਼ਾ, ਰੋਜ਼ਗਾਰ ਅਤੇ ਇੰਡਸਟਰੀ ਨਿਵੇਸ਼ ਪੰਜ ਮੁੱਦਿਆਂ 'ਤੇ ਵਿਰੋਧੀ ਦਲਾਂ ਨੂੰ ਘੇਰਿਆ। ਇਸ ਤੋਂ ਬਾਅਦ ਉਨ੍ਹਾਂ ਆਮ ਆਂਦਮੀ ਪਾਰਟੀ ਦੀਆਂ ਭਵਿੱਖ ਦੀਆਂ ਯੋਜਨਾਵਾਂ ਦੱਸਣੀਆਂ ਸ਼ੁਰੂ ਕਰ ਦਿੱਤੀਆਂ। ਸੀਐਮ ਭਗਵੰਤ ਮਾਨ ਨੇ ਕਿਹਾ ਕਿ ਪਹਿਲੀਆਂ ਸਰਕਾਰਾਂ ਨੇ ਨੌਕਰੀਆਂ ਕੱਢ ਕੇ ਨਿਯੁਕਤੀ ਪੱਤਰ ਦਿੱਤੇ। ਫਿਰ ਚੋਣਾਂ ਹੋਈਆਂ ਅਤੇ ਸਰਕਾਰਾਂ ਬਦਲੀਆਂ। ਨਿਯੁਕਤੀ ਪੱਤਰ ਮਿਲਣ ਤੋਂ ਬਾਅਦ ਵੀ ਨੌਕਰੀ ਨਹੀਂ ਲੈ ਸਕੇ। ਹੁਣ ਆਪ ਸਰਕਾਰ ਨੌਕਰੀਆਂ ਦੇ ਰਹੀ ਹੈ। ਇਸ ਦੇ ਨਾਲ ਹੀ ਪੰਜਾਬ ਉਦਯੋਗ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਹੈ। ਅਸੀਂ 56796 ਕਰੋੜ ਰੁਪਏ ਦਾ ਨਿਵੇਸ਼ ਲਿਆਏ। ਜਦੋਂ ਕਿ ਪਿਛਲੇ ਪੰਜ ਸਾਲਾਂ ਵਿੱਚ ਇਹ 1.17 ਲੱਖ ਰੁਪਏ ਸੀ ਅਤੇ ਇਸ ਤੋਂ ਪਹਿਲਾਂ 2013 ਤੋਂ 2017 ਤੱਕ ਇਹ 32995 ਕਰੋੜ ਰੁਪਏ ਸੀ।

# ਸੰਜੀਦਾ ਬਹਿਸ-ਮੁਬਾਹਸੇ ਦੀ ਖੜੋਤ ਟੁੱਟਣ ਦਾ ਸਬੱਬ ਬਣਿਆ



ਲੁਧਿਆਣਾ: ਪੰਜਾਬ ਦੇ ਬੁੱਧੀਜੀਵੀਆਂ, ਸਾਹਿਤਕਾਰਾਂ, ਉਦਯੋਗਪਤੀਆਂ ਤੇ ਹੋਰ ਧਿਰਾਂ ਨੇ ਐਸ ਵਾਈ ਐਲ ਦੇ ਸੰਜੀਦਾ ਮਸਲੇ ਉਤੇ 'ਮੈਂ ਪੰਜਾਬ ਬੋਲਦਾ ਹਾਂ' ਦੇ ਬੈਨਰ ਹੇਠ ਕਰਵਾਈ ਬਹਿਸ ਨੂੰ ਸਮੂਹਿਕ ਸੂਝ-ਬੂਝ (ਕੁਲੈਕਟਿਵ ਵਿਜ਼ਡਮ) ਬਣਾਉਣ ਵੱਲ ਵੱਡਾ ਕਦਮ ਦੱਸਿਆ, ਜਿਸ ਨਾਲ ਇਸ ਮਸਲੇ ਉਤੇ ਸੰਜੀਦਾ ਬਹਿਸ ਦੇ ਇਕ ਨਵੇਂ ਦੌਰ ਦੀ ਸ਼ੁਰੂਆਤ ਹੋਈ ਹੈ। ਬਹਿਸ ਦੌਰਾਨ ਗੀਤਕਾਰ ਬਾਬੂ ਸਿੰਘ ਮਾਨ ਨੇ ਕਿਹਾ ਕਿ ਇਹ ਬਹਿਸ ਐਸ. ਵਾਈ.ਐਲ. ਵਰਗੇ ਸੂਖ਼ਮ ਮਸਲੇ ਉਤੇ ਲੋਕਾਈ ਵਿੱਚ ਗੱਲਬਾਤ ਦੀ ਖੜੋਤ ਨੂੰ ਤੋੜਨ ਦਾ ਸਬੱਬ ਬਣੀ ਹੈ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਵਿੱਚ ਹੁਣ ਤੀਕ ਚੱਲੇ ਲੁੱਟਤੰਤਰ ਦਾ ਨੰਗਾ ਚਿਹਰਾ ਸਭ ਦੇ ਸਾਹਮਣੇ ਪੇਸ਼ ਕੀਤਾ ਹੈ। ਪੰਜਾਬੀ ਲੇਖਕ ਸ਼ਮਸ਼ੇਰ ਸਿੰਘ ਸੰਧੂ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਨੂੰ ਸੁਣਦਿਆਂ ਇੰਝ ਲੱਗ ਰਿਹਾ ਸੀ ਜਿਵੇਂ ਪੰਜਾਬ ਦੀ ਧਰਤੀ ਆਪਣਾ ਦਰਦ ਸੁਣਾ ਰਹੀ ਹੋਵੇ। ਉਨ੍ਹਾਂ ਕਿਹਾ ਕਿ ਇਹ ਬਹਿਸ ਇਕ ਸਾਰਥਿਕ ਸ਼ੁਰੂਆਤ ਹੈ, ਜਿਸ ਨੇ ਚਿਰਾਂ ਤੋਂ ਲਟਕ ਰਹੇ ਇਸ ਮਸਲੇ ਦੇ ਅਹਿਮ ਪਹਿਲੂ ਲੋਕਾਂ ਦੀ ਕਚਹਿਰੀ ਵਿੱਚ ਰੱਖੇ ਹਨ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਪ੍ਰੋ. ਰਵਿੰਦਰ ਭੱਠਲ ਨੇ ਕਿਹਾ ਕਿ ਭਗਵੰਤ ਮਾਨ ਨੇ ਅੱਜ ਧੁੰਦਲਾ ਸ਼ੀਸ਼ਾ ਸਾਫ ਕਰ ਵਿਖਾਇਆ ਹੈ। ਉਨ੍ਹਾਂ ਸਿਆਸੀ ਆਗੂਆਂ ਦੀ ਦੋਗਲੀ ਪਹੁੰਚ ਬਾਰੇ ਤੱਥ ਲੋਕਾਂ ਸਾਹਮਣੇ ਰੱਖੇ ਹਨ, ਜਿਸ ਨਾਲ ਸਾਰੀ ਸਥਿਤੀ ਸਪੱਸ਼ਟ ਹੋਣ ਦੀ ਦਿਸ਼ਾ ਵੱਲ ਗੱਲ ਤੁਰੀ ਹੈ। ਦੂਜੇ ਪਾਸੇ ਉੱਘੇ ਉਦਯੋਗਪਤੀ ਤੇ ਲੁਧਿਆਣਾ ਵਿੱਚ ਰਾਮਗੜ੍ਹੀਆ ਵਿੱਦਿਅਕ ਸੰਸਥਾਵਾਂ ਦੇ ਪ੍ਰਧਾਨ ਰਣਜੋਧ ਸਿੰਘ ਨੇ ਕਿਹਾ ਕਿ ਦਰਮਿਆਨੇ ਅਤੇ ਲਘੂ ਉਦਯੋਗਾਂ ਦੀ ਰਜਿਸਟਰੇਸਨ ਵਿੱਚ ਪੰਜਾਬ ਦਾ ਪਹਿਲੇ ਸਥਾਨ ਉਤੇ ਆਉਣਾ ਸੂਬੇ ਲਈ ਜ਼ਿਕਰਯੋਗ ਪ੍ਰਾਪਤੀ ਹੈ, ਜਿਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਧਾਈ ਦੀ ਹੱਕਦਾਰ ਹੈ। ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਸਮਾਗਮ ਮਗਰੋਂ ਗੱਲਬਾਤ ਕਰਦਿਆਂ ਕਿਹਾ ਕਿ ਨਵ ਪੰਜਾਬ ਦਿਵਸ ਦੇ ਦਿਹਾੜੇ ਉਤੇ ਸੰਵਾਦ ਦੀ ਗੱਲ ਤੋਰਨੀ ਚੰਗੀ ਸ਼ੁਰੂਆਤ ਹੈ। ਇਹ ਗੱਲ ਅੱਗੇ ਤੁਰਨੀ ਚਾਹੀਦੀ ਹੈ ਅਤੇ ਵਿਰੋਧੀ ਧਿਰ ਨੂੰ ਟਲਣ ਦੀ ਥਾਂ ਸਹਿਯੋਗੀ ਰੋਲ ਅਦਾ ਕਰਨਾ ਚਾਹੀਦਾ ਹੈ। ਬਹਿਸ ਸਮਾਪਤ ਹੋਣ ਮਗਰੋਂ ਪ੍ਰਸਿੱਧ ਲੇਖਕ ਤੇ ਸੇਵਾਮੁਕਤ ਪੁਲੀਸ ਕਮਿਸਨਰ ਗੁਰਪ੍ਰੀਤ ਸਿੰਘ ਤੂਰ ਨੇ ਕਿਹਾ ਕਿ ਪੰਜਾਬ ਦੇ ਸਭ ਮਸਲਿਆਂ ਦੇ ਸਰਬਪੱਖੀ ਹੱਲ ਵਾਸਤੇ ਵਿਰੋਧੀ ਪਾਰਟੀਆਂ ਨੂੰ ਸਿਰ ਜੋੜਨਾ ਚਾਹੀਦਾ ਹੈ ਅਤੇ ਇਸ ਦਿਸ਼ਾ ਵਿੱਚ ਇਹ ਸਾਰਥਿਕ ਉਪਰਾਲਾ ਹੈ, ਜਿਸ ਨੇ ਚਿਰਾਂ ਤੋਂ ਰੁਕੀ ਹੋਈ ਗੱਲਬਾਤ ਨੂੰ ਸਹੀ ਦਿਸ਼ਾ ਵੱਲ ਮੋੜਾ ਦਿੱਤਾ ਹੈ। ਇਸ ਦੌਰਾਨ ਗਾਇਕ ਡਾ. ਸੁਖਨੈਨ ਤੇ ਅਦਾਕਾਰ ਬਾਲ ਮੁਕੰਦ ਸ਼ਰਮਾ ਦਾ ਕਹਿਣਾ ਸੀ ਕਿ ਭਗਵੰਤ ਸਿੰਘ ਮਾਨ ਨੇ ਆਪਣੀ ਪੇਸਕਾਰੀ ਰਾਹੀਂ ਸਾਬਤ ਕਰ ਦਿੱਤਾ ਹੈ ਕਿ ਇਮਾਨ ਨੂੰ ਹਾਜਰ-ਨਾਜਰ ਜਾਣ ਕੇ ਸੱਚ ਕਿਵੇਂ ਬੋਲਣਾ ਹੈ। ਮੁੱਖ ਮੰਤਰੀ ਨੇ ਕਈ ਅਹਿਮ ਮਸਲੇ ਲੋਕਾਂ ਦੀ ਕਚਹਿਰੀ ਵਿੱਚ ਰੱਖ ਕੇ ਸਿਆਸੀ ਆਗੂਆਂ ਵੱਲੋਂ ਪੰਜਾਬ ਨਾਲ ਕਮਾਏ ਧ੍ਰੋਹ ਤੋਂ ਜਾਣੂ ਕਰਵਾਇਆ ਹੈ।

# ਧਾਰਮਿਕ ਸਥਾਨਾ ਨੇੜੇ ਮੀਟ ਦੀਆਂ ਦੁਕਾਨਾਂ ਬੰਦ ਕਰਨ ਦਾ ਆਦੇਸ਼

ਦਿੱਲੀ:ਨਗਰ ਨਿਗਮ (ਐਮਸੀਡੀ) ਦੀ ਨਵੀਂ ਮੀਟ ਸ਼ਾਪ ਲਾਇਸੈਂਸ ਨੀਤੀ ਕਹਿੰਦੀ ਹੈ ਕਿ ਕਿਸੇ ਵੀ ਧਾਰਮਿਕ ਸਥਾਨ (ਮੰਦਿਰ, ਮਸਜਿਦ, ਗੁਰਦੁਆਰੇ) ਜਾਂ ਸ਼ਮਸ਼ਾਨਘਾਟ ਤੋਂ ਮੀਟ ਦੀ ਦੁਕਾਨ ਵਿਚਕਾਰ ਘੱਟੋ ਘੱਟ ਦੂਰੀ 150 ਮੀਟਰ ਤੋਂ ਘੱਟ ਨਹੀਂ ਹੋਣੀ ਚਾਹੀਦੀ। ਸ਼ਹਿਰੀ ਸੰਸਥਾ ਨੇ ਕਿਹਾ ਹੈ ਕਿ ਜੇਕਰ ਕੋਈ ਧਾਰਮਿਕ ਸਥਾਨ ਲਾਇਸੈਂਸ ਮਿਲਣ ਤੋਂ ਬਾਅਦ ਹੋਂਦ ਵਿੱਚ ਆਉਂਦਾ ਹੈ ਤਾਂ ਉਹ ਧਾਰਮਿਕ ਸਥਾਨ ਅਤੇ ਦੁਕਾਨ ਦੀ ਦੂਰੀ ਵੱਲ ਧਿਆਨ ਨਹੀਂ ਦੇਵੇਗੀ।ਮੀਟ ਵਪਾਰੀਆਂ ਦੀ ਜਥੇਬੰਦੀ ਨੇ ਇਸ ਨੀਤੀ ਦਾ ਸਖ਼ਤ ਵਿਰੋਧ ਕੀਤਾ ਹੈ ਅਤੇ ਇਸ ਨੂੰ ਵਾਪਸ ਨਾ ਲੈਣ 'ਤੇ ਅਦਾਲਤ ਵਿੱਚ ਜਾਣ ਦੀ ਧਮਕੀ ਦਿੱਤੀ ਹੈ।


BADH
26 YEARS EXPERIENCE IN ACCOUNTING
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC


Jasbir Singh Badh

Charlesworth insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer
ICBC autoplan
"For Fast, Friendly and Reliable Service!"



Phone: 604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ

Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures All kinds of Signs and Decals

ਲੈਟਰਹੈੱਡ, ਬਿਜ਼ਨਸ ਕਾਰਡ, ਲਫਾਫੇ, ਇਨਵੋਇਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਇੰਦਰਾ ਗਾਂਧੀ ਦੇ ਕਤਲ ਦੀ ਪੂਰੀ ਕਹਾਣੀ, ਜਦੋਂ 25 ਸਕਿੰਟ 'ਚ ਵੱਜੀਆਂ ਸਨ 33 ਗੋਲੀਆਂ





ਕਹਿੰਦੇ ਨੇ ਜਦੋਂ ਕਿਸੇ ਦੀ ਮੌਤ ਹੋਣੀ ਹੁੰਦੀ ਹੈ ਤਾਂ ਉਸ ਨੂੰ ਕੁੱਝ ਸਮਾਂ ਪਹਿਲਾਂ ਹੀ ਘਬਰਾਹਟ ਹੋਣੀ ਸ਼ੁਰੂ ਹੋ ਜਾਂਦੀ ਹੈ। ਇੰਦਰਾ ਗਾਂਧੀ ਨੂੰ ਵੀ 31 ਅਕਤੂਬਰ 1984 ਤੋਂ ਪਹਿਲਾਂ ਦੀ ਰਾਤ ਨੂੰ ਕੁੱਝ ਅਜਿਹੀ ਹੀ ਘਬਰਾਹਟ ਹੋ ਰਹੀ ਸੀ। ਥਕਾਵਟ ਤੇ ਘਬਰਾਹਟ ਕਾਰਨ ਉਹ ਰਾਤ ਭਰ ਚੰਗੀ ਤਰ੍ਹਾਂ ਸੌਂ ਵੀ ਨਹੀਂ ਸਕੀ। ਉਸ ਰਾਤ ਇੰਦਰਾ ਗਾਂਧੀ ਜਦੋਂ ਦਿੱਲੀ ਪਰਤੇ ਤਾਂ ਕਾਫੀ ਥੱਕ ਗਏ ਸਨ। ਉਸ ਰਾਤ ਨੂੰ ਉਹ ਬਹੁਤ ਘੱਟ ਸੁੱਤੇ... ਸਾਹਮਣੇ ਵਾਲੇ ਕਮਰੇ 'ਚ ਸੌਂ ਰਹੇ ਸੋਨੀਆ ਗਾਂਧੀ ਜਦੋਂ ਸਵੇਰੇ 4 ਵਜੇ ਆਪਣੇ ਦਮੇ ਦੀ ਦਵਾਈ ਲੈਣ ਲਈ ਉੱਠ ਕੇ ਬਾਥਰੂਮ ਵੱਲ ਗਏ ਤਾਂ ਇੰਦਰਾ ਗਾਂਧੀ ਉਸ ਵੇਲੇ ਜਾਗ ਰਹੇ ਸਨ।ਸਵੇਰੇ ਸਾਢੇ 7 ਵਜੇ ਤਕ ਇੰਦਰਾ ਗਾਂਧੀ ਕੇਸਰੀ ਰੰਗ ਦੀ ਕਾਲੇ ਬਾਰਡਰ ਵਾਲੀ ਸਾੜ੍ਹੀ ਪਹਿਨ ਕੇ ਤਿਆਰ ਹੋ ਚੁੱਕੀ ਸੀ। ਇਸ ਦਿਨ ਉਨ੍ਹਾਂ ਦੀ ਪਹਿਲੀ ਮੁਲਾਕਾਤ ਪੀਟਰ ਉਸਤੀਨੋਵ ਦੇ ਨਾਲ ਤੈਅ ਸੀ, ਜੋ ਇੰਦਰਾ ਗਾਂਧੀ 'ਤੇ ਇਕ ਡਾਕੂਮੈਂਟਰੀ ਫਿਲਮ ਬਣਾ ਰਹੇ ਸਨ। ਉਹ ਇਕ ਦਿਨ ਪਹਿਲਾਂ ਉੜੀਸਾ ਦੌਰੇ ਦੌਰਾਨ ਵੀ ਉਨ੍ਹਾਂ ਨੂੰ ਸ਼ੂਟ ਕਰ ਰਹੇ ਸੀ।ਦੁਪਹਿਰ ਵੇਲੇ ਇੰਦਰਾ ਗਾਂਧੀ ਨੇ ਬ੍ਰਿਟੇਨ ਦੇ ਸਾਬਕਾ ਪ੍ਰਧਾਨ ਮੰਤਰੀ ਜੇਮਸ ਕੈਲੇਘਨ ਅਤੇ ਮਿਜ਼ੋਰਮ ਦੇ ਇਕ ਆਗੂ ਨਾਲ ਮੁਲਾਕਾਤ ਕਰਨੀ ਸੀ। ਸ਼ਾਮ ਨੂੰ ਉਨ੍ਹਾਂ ਨੇ ਬ੍ਰਿਟੇਨ ਦੀ ਰਾਜਕੁਮਾਰੀ ਐਨ ਨੂੰ ਖਾਣੇ 'ਤੇ ਸੱਦਿਆ ਸੀ।

31 ਅਕਤੂਬਰ ਵਾਲੇ ਦਿਨ ਨਾਸ਼ਤੇ 'ਚ ਇੰਦਰਾ ਗਾਂਧੀ ਨੇ 2 ਟੋਸਟ, ਸੰਤਰੇ ਦਾ ਜੂਸ ਅਤੇ ਆਂਡੇ ਖਾਧੇ। ਨਾਸ਼ਤੇ ਤੋਂ ਬਾਅਦ ਜਦੋਂ ਮੇਕਅਪਮੈਨ ਉਨ੍ਹਾਂ ਦੇ ਚਿਹਰੇ 'ਤੇ ਪਾਊਡਰ ਅਤੇ ਬਲਸ਼ਰ ਲਗਾ ਰਿਹਾ ਸੀ ਤਾਂ ਉਨ੍ਹਾਂ ਦੇ ਡਾਕਟਰ ਕੇ.ਪੀ. ਮਾਥੁਰ ਵੀ ਉਥੇ ਪਹੁੰਚ ਗਏ ਸਨ। ਉਹ ਰੋਜ਼ ਇਸੇ ਸਮੇਂ ਉਨ੍ਹਾਂ ਨੂੰ ਦੇਖਣ ਪਹੁੰਚਦੇ ਸੀ।ਇੰਦਰਾ ਗਾਂਧੀ ਨੇ ਡਾਕਟਰ ਮਾਥੁਰ ਨੂੰ ਵੀ ਅੰਦਰ ਬੁਲਾ ਲਿਆ ਅਤੇ ਦੋਵੇਂ ਗੱਲਾਂ ਕਰਨ ਲੱਗੇ। 9 ਵੱਜ ਕੇ 10 ਮਿੰਟ 'ਤੇ ਜਦੋਂ ਇੰਦਰਾ ਗਾਂਧੀ ਆਪਣੇ ਬੰਗਲੇ 'ਚੋਂ ਬਾਹਰ ਆਈ ਤਾਂ ਚੰਗੀ ਧੁੱਪ ਖਿੜੀ ਹੋਈ ਸੀ। ਧੁੱਪ ਤੋਂ ਬਚਾਉਣ ਲਈ ਸਿਪਾਹੀ ਨਾਰਾਇਣ ਸਿੰਘ ਕਾਲੀ ਛੱਤਰੀ ਲੈ ਕੇ ਇੰਦਰਾ ਦੇ ਨਾਲ ਚੱਲਣ ਲੱਗਿਆ। ਉਨ੍ਹਾਂ ਤੋਂ ਕੁੱਝ ਕਦਮ ਪਿੱਛੇ ਆਰ.ਕੇ. ਧਵਨ ਅਤੇ ਇੰਦਰਾ ਗਾਂਧੀ ਦਾ ਨਿੱਜੀ ਸੇਵਕ ਨਾਥੂ ਰਾਮ ਚੱਲ ਰਿਹਾ ਸੀ। ਸੱਭ ਤੋਂ ਪਿੱਛੇ ਉਨ੍ਹਾਂ ਦਾ ਨਿੱਜੀ ਸੁਰੱਖਿਆ ਅਫ਼ਸਰ, ਸਬ-ਇੰਸਪੈਕਟਰ ਰਾਮੇਸ਼ਵਰ ਦਿਆਲ ਆ ਰਿਹਾ ਸੀ।ਇਸੇ ਦੌਰਾਨ ਸਾਹਮਣਿਓਂ ਇਕ ਮੁਲਾਜ਼ਮ ਟੀ-ਸੈੱਟ ਲੈ ਕੇ ਲੰਘਿਆ, ਜਿਸ 'ਚ ਉਸਤੀਨੋਵ ਨੂੰ ਚਾਹ ਸਰਵ ਕੀਤੀ ਜਾਣੀ ਸੀ।ਇੰਦਰਾ ਨੇ ਉਸ ਨੂੰ ਬੁਲਾ ਕੇ ਕਿਹਾ ਕਿ ਉਸਤੀਨੋਵ ਲਈ ਦੂਜਾ ਟੀ-ਸੈਟ ਕੱਢਿਆ ਜਾਵੇ।ਧਵਨ ਨਾਲ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੇ ਯਮਨ ਦੌਰੇ ਬਾਰੇ ਗੱਲਾਂ ਕਰਦੀ-ਕਰਦੀ ਇੰਦਰਾ ਗਾਂਧੀ ਅਕਬਰ ਰੋਡ ਨੂੰ ਉਨ੍ਹਾਂ ਦੀ ਰਿਹਾਇਸ਼ ਨਾਲ ਜੋੜੀ ਵਾਲੀ ਸੜਕ ਨੇੜੇ ਪਹੁੰਚੀ।ਇਸ ਤੋਂ ਬਾਅਦ ਅਚਾਨਕ ਉੱਥੇ ਤਾਇਨਾਤ ਸੁਰੱਖਿਆ ਅਫ਼ਸਰ ਬੇਅੰਤ ਸਿੰਘ ਨੇ ਆਪਣੀ ਰਿਵਾਲਵਰ ਕੱਢ ਕੇ ਇੰਦਰਾ ਗਾਂਧੀ 'ਤੇ ਗੋਲੀ ਚਲਾ ਦਿੱਤੀ।ਇੰਦਰਾ ਨੇ ਬਚਣ ਦੀ ਕੋਸ਼ਿਸ਼ ਕੀਤੀ, ਪਰ ਉਸੇ ਵਕਤ ਬੇਅੰਤ ਸਿੰਘ ਨੇ 2 ਗੋਲੀਆਂ ਹੋਰ ਚਲਾ ਦਿੱਤੀਆਂ, ਜੋ ਉਨ੍ਹਾਂ ਦੀ ਬੱਖੀ, ਛਾਤੀ ਤੇ ਲੱਤ 'ਚ ਲੱਗੀਆਂ। ਇੰਦਰਾ ਗਾਂਧੀ ਨੂੰ ਡਿੱਗਿਆਂ ਦੇਖ ਬੇਅੰਤ ਸਿੰਘ ਆਪਣੀ ਥਾਂ ਤੋਂ ਹਿੱਲਿਆ ਨਹੀਂ।ਉਸੇ ਵੇਲੇ ਬੇਅੰਤ ਸਿੰਘ ਨੇ ਮਹਿਜ਼ 5 ਫੁੱਟ ਦੀ ਦੂਰੀ 'ਤੇ ਖੜ੍ਹੇ ਆਪਣੇ ਸਾਥੀ ਸਤਵੰਤ ਸਿੰਘ ਨੂੰ ਆਵਾਜ਼ ਮਾਰ ਕੇ ਕਿਹਾ - ਗੋਲੀ ਚਲਾਓ...ਸਤਵੰਤ ਸਿੰਘ ਨੇ ਫੌਰਨ ਆਪਣੀ ਆਪਣੀ ਆਟੋਮੈਟਿਕ ਕਾਰਬਾਈਨ ਦੀਆਂ 25 ਗੋਲੀਆਂ ਇੰਦਰਾ ਗਾਂਧੀ 'ਤੇ ਦਾਗ਼ ਦਿਤੀਆਂ। ਬੇਅੰਤ ਸਿੰਘ ਦਾ ਪਹਿਲਾ ਫਾਇਰ ਹੋਏ 25 ਸਕਿੰਟ ਬੀਤ ਚੁੱਕੇ ਸਨ... ਪਰ ਉੱਥੇ ਤਾਇਨਾਤ ਸੁਰੱਖਿਆ ਮੁਲਾਜ਼ਮਾਂ ਵਲੋਂ ਕੋਈ ਪ੍ਰਤੀਕਿਰਿਆ ਸਾਹਮਣੇ ਨਾ ਆਈ। ਸਤਵੰਤ ਲਗਾਤਾਰ ਫਾਇਰ ਕਰੀ ਜਾ ਰਿਹਾ ਸੀ।

ਰਾਮੇਸ਼ਵਰ ਦਿਆਲ ਨੇ ਇੰਦਰਾ ਗਾਂਧੀ ਤਕ ਪਹੁੰਚਣ ਦੀ ਕੋਸ਼ਿਸ਼ ਕੀਤੀ, ਪਰ ਉਸ ਦੇ ਪੱਟ ਤੇ ਪੈਰਾਂ 'ਚ ਗੋਲੀਆਂ ਲੱਗਣ ਕਾਰਨ ਉਹ ਉਥੇ ਹੀ ਡਿੱਗ ਪਿਆ। ਉਸ ਸਮੇਂ ਬੇਅੰਤ ਸਿੰਘ ਤੇ ਸਤਵੰਤ ਸਿੰਘ ਦੋਹਾਂ ਨੇ ਅਪਣੇ ਹਥਿਆਰ ਸੁੱਟਦਿਆਂ ਆਖਿਆ - "ਅਸੀਂ ਜੋ ਕੁੱਝ ਕਰਨਾ ਸੀ, ਅਸੀਂ ਕਰ ਦਿਤਾ... ਹੁਣ ਤੁਸੀਂ ਜੋ ਕਰਨਾ ਹੈ, ਕਰੋ..."

ਉਸ ਸਮੇਂ ਆਈਟੀਬੀਪੀ ਦੇ ਜਵਾਨਾਂ ਨੇ ਦੋਵਾਂ ਨੂੰ ਅਪਣੇ ਘੇਰੇ 'ਚ ਲੈ ਲਿਆ। ਭਾਵੇਂ ਉਥੇ ਹਰ ਸਮੇਂ ਐਂਬੂਲੈਂਸ ਖੜ੍ਹੀ ਰਹਿੰਦੀ ਸੀ ਪਰ ਉਸ ਦਿਨ ਉਸ ਦਾ ਡਰਾਈਵਰ ਵੀ ਉਥੇ ਮੌਜੂਦ ਨਹੀਂ ਸੀ।

ਜ਼ਮੀਨ 'ਤੇ ਡਿੱਗੀ ਪਈ ਇੰਦਰਾ ਗਾਂਧੀ ਨੂੰ ਆਰ. ਕੇ. ਧਵਨ ਤੇ ਸੁਰੱਖਿਆ ਮੁਲਾਜ਼ਮ ਦਿਨੇਸ਼ ਭੱਟ ਨੇ ਚੁੱਕ ਕੇ ਚਿੱਟੀ ਐਮਬੈਸਡਰ ਕਾਰ ਦੀ ਪਿਛਲੀ ਸੀਟ 'ਤੇ ਰੱਖਿਆ... ਜਿਵੇਂ ਹੀ ਕਾਰ ਚੱਲਣ ਲੱਗੀ, ਸੋਨੀਆ ਗਾਂਧੀ ਨੰਗੇ ਪੈਰੀਂ ਆਪਣੇ ਡ੍ਰੈਸਿੰਗ ਗਾਊਨ 'ਚ ਹੀ "ਮੰਮੀ-ਮੰਮੀ" ਆਖਦੀ ਭੱਜਦੀ ਹੋਈ ਆਈ।

ਆਪਣੀ ਸੱਸ ਦੀ ਇਹ ਹਾਲਤ ਦੇਖ ਉਹ ਉਸੇ ਗੱਡੀ 'ਚ ਬੈਠ ਗਏ। ਕਾਰ ਬਹੁਤ ਤੇਜ਼ੀ ਨਾਲ ਏਮਜ਼ ਹਸਪਤਾਲ ਵੱਲ ਵਧੀ। 4 ਕਿਲੋਮੀਟਰ ਦੇ ਸਫ਼ਰ ਦੌਰਾਨ ਕੋਈ ਕੁੱਝ ਨਹੀਂ ਬੋਲਿਆ। ਸੋਨੀਆ ਦਾ ਗਾਊਨ ਇੰਦਰਾ ਦੇ ਖ਼ੂਨ ਨਾਲ ਭਿੱਜ ਚੁੱਕਾ ਸੀ।

ਕਾਰ 9 ਵੱਜ ਕੇ 32 ਮਿੰਟ 'ਤੇ ਏਮਜ਼ ਪਹੁੰਚੀ। ਉੱਥੇ ਇੰਦਰਾ ਦੇ ਬਲੱਡ ਗਰੁੱਪ ਦਾ ਕਾਫ਼ੀ ਸਟਾਕ ਸੀ ਪਰ ਘਰੋਂ ਕਿਸੇ ਨੇ ਵੀ ਏਮਜ਼ ਫ਼ੋਨ ਕਰ ਕੇ ਨਹੀਂ ਦੱਸਿਆ ਸੀ ਕਿ ਇੰਦਰਾ ਨੂੰ ਗੰਭੀਰ ਹਾਲਤ 'ਚ ਉਥੇ ਲਿਆਇਆ ਜਾ ਰਿਹਾ ਹੈ। ਐਮਰਜੈਂਸੀ ਵਾਰਡ ਦਾ ਗੇਟ ਖੋਲ੍ਹਣ ਅਤੇ ਇੰਦਰਾ ਨੂੰ ਕਾਰ ਤੋਂ ਉਤਾਰਨ 'ਚ 3 ਮਿੰਟ ਲੱਗ ਗਏ। ਉੱਥੇ ਕੋਈ ਸਟ੍ਰੈਚਰ ਵੀ ਮੌਜੂਦ ਨਹੀਂ ਸੀ।

ਕਿਸੇ ਤਰ੍ਹਾਂ ਇਕ ਸਟ੍ਰੈਚਰ ਦਾ ਇੰਤਜ਼ਾਮ ਕੀਤਾ ਗਿਆ... ਜਦੋਂ ਉਨ੍ਹਾਂ ਨੂੰ ਕਾਰ ਤੋਂ ਉਤਾਰਿਆ ☞


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



CANRISE IMMIGRATION
www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141


#12387-75 Avenue Surrey, BC V3W 2S7
E-mail: contactuniglobal@gmail.com
RCIC CRIC

# "ਨਵੀਂ ਪੀੜ੍ਹੀ ਲਈ ਆਜ਼ਾਦੀ ਦੇ ਸੰਘਰਸ਼ ਦਾ ਇਕ ਦਸਤਾਵੇਜ਼ ਸਾਬਤ ਹੋਵੇਗੀ"

## ਸਰਾਭਾ ਪਿੰਡ ਦੇ ਨੌਜਵਾਨ ਅੰਮ੍ਰਿਤ ਸਿੰਘ ਗਰੇਵਾਲ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ 'ਤੇ ਬਣਾਈ ਪੰਜਾਬੀ ਫਿਲਮ 'ਸਰਾਭਾ'

ਸਰੀ( ਪੰਧੇਰ ਗੁਰਸੇਵ ਸਿੰਘ)ਪ੍ਰਡਿਊਸਰ ਅਮ੍ਰਿਤ ਸਿੰਘ ਸਰਾਭਾ ( ਸਰਾਭਾ ਡਰਾਇਵਿੰਗ ਸਕੂਲ ਸਰੀ ਦੇ ਮਾਲਕ) ਪੰਜਾਬੀ ਫ਼ਿਲਮ 'ਸਰਾਭਾ' ਚੜ੍ਹਦੇ ਨਵੰਬਰ 'ਚ ਸਿਨੇਮਾ ਘਰਾਂ 'ਚ ਦਸਤਕ ਦੇਵੇਗੀ। ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਨਿੱਕੀ ਉਮਰ ਦੇ ਆਜ਼ਾਦੀ ਸੰਘਰਸ਼ ਤੇ ਗ਼ਦਰ ਲਹਿਰ ਦੇ ਅਣਛੋਹੇ ਪੰਨਿਆਂ ਨੂੰ ਨਿਵੇਕਲੇ ਅੰਦਾਜ਼ ਵਿਚ ਪੇਸ਼ ਕਰਨ ਵਾਲੀ ਇਸ ਫ਼ਿਲਮ 'ਚ 'ਭਾਗ ਮਿਲਖਾ ਸਿੰਘ ਭਾਗ' ਵਾਲੇ ਜਪਤੇਜ ਸਿੰਘ ਨੇ ਕਰਤਾਰ ਸਿੰਘ ਸਰਾਭਾ ਦੀ ਭੂਮਿਕਾ ਨਿਭਾਈ ਹੈ। ਬਾਲੀਵੁੱਡ ਅਦਾਕਾਰ ਮੁਕਲ ਦੇਵ 'ਹਰਨਾਮ ਸਿੰਘ ਟੁੰਡੀਲਾਟ', ਕਵੀ ਰਾਜ 'ਸੋਹਣ ਸਿੰਘ ਭਕਨਾ' ਅਤੇ ਜਸਪਿੰਦਰ ਚੀਮਾ 'ਗੁਲਾਬ ਕੌਰ' ਦੇ ਕਿਰਦਾਰ ਨਿਭਾਉਣਗੇ। ਹੋਰਨਾਂ ਕਲਾਕਾਰਾਂ 'ਚ ਮਲਕੀਤ ਰੌਣੀ, ਮਹਾਂਵੀਰ ਭੁੱਲਰ, ਗਾਇਕ ਕੰਵਰ ਗਰੇਵਾਲ, ਜਸਵੀਰ ਜੱਸੀ, ਮਲਕੀਤ ਮੀਤ, ਜੋਬਨਪ੍ਰੀਤ ਤੇ ਪਹਿਲੀ ਵਾਰ ਕਿਸੇ ਪੰਜਾਬੀ ਫ਼ਿਲਮ ਵਿਚ ਹਾਲੀਵੁੱਡ ਦੇ ਕਈ ਬਹੁਚਰਚਿਤ ਚਿਹਰਿਆਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਫ਼ਿਲਮ ਦਾ ਬਹੁਤਾ ਹਿੱਸਾ ਭਾਰਤ ਤੋਂ ਬਾਹਰ

☞ ਗਿਆ ਤਾਂ ਇੰਦਰਾ ਨੂੰ ਇਸ ਹਾਲਤ ਵਿਚ ਦੇਖ ਕੇ ਉਥੇ ਤਾਇਨਾਤ ਡਾਕਟਰ ਘਬਰਾ ਗਏ।ਡਾਕਟਰ ਨੂੰ ਇੰਦਰਾ ਗਾਂਧੀ ਦੇ ਦਿਲ ਦੀ ਮਾਮੂਲੀ ਹਰਕਤ ਦਿਖਾਈ ਦੇ ਰਹੀ ਸੀ ਪਰ ਨਾੜੀ ਵਿਚ ਕੋਈ ਧੜਕਨ ਨਹੀਂ ਮਿਲ ਰਹੀ ਸੀ। ਇੰਦਰਾ ਦੀਆਂ ਅੱਖਾਂ ਦੀ ਪੁਤਲੀਆਂ ਫੈਲੀਆਂ ਹੋਈਆਂ ਸੀ, ਜੋ ਇਸ ਵੱਲ ਇਸ਼ਾਰਾ ਸੀ ਕਿ ਉਨ੍ਹਾਂ ਦੇ ਦਿਮਾਗ ਨੂੰ ਨੁਕਸਾਨ ਪਹੁੰਚਿਆ ਸੀ।ਇੰਦਰਾ ਨੂੰ 80 ਬੋਤਲ ਖ਼ੂਨ ਦਿਤਾ ਗਿਆ ਜੋ ਉਨ੍ਹਾਂ ਦੇ ਸਰੀਰ ਦੇ ਖ਼ੂਨ ਤੋਂ 5 ਗੁਣਾ ਵੱਧ ਸੀ। ਡਾਕਟਰਾਂ ਨੇ ਇੰਦਰਾ ਦੇ ਸਰੀਰ ਨੂੰ ਹਾਰਟ ਐਂਡ ਲੰਗ ਮਸ਼ੀਨ ਨਾਲ ਜੋੜ ਦਿਤਾ, ਜੋ ਕਿ ਉਨ੍ਹਾਂ ਦੇ ਖ਼ੂਨ ਨੂੰ ਸਾਫ਼ ਕਰਨ ਦਾ ਕੰਮ ਕਰਨ ਲੱਗੀ, ਜਿਸ ਦੇ ਕਾਰਨ ਉਨ੍ਹਾਂ ਦੇ ਖ਼ੂਨ ਦਾ ਤਾਪਮਾਨ 37 ਡਿਗਰੀ ਦੇ ਆਮ ਤਾਪਮਾਨ ਤੋਂ ਘੱਟ ਕੇ 31 ਹੋ ਗਿਆ। ਇਹ ਸਾਫ਼ ਸੀ ਕਿ ਇੰਦਰਾ ਇਸ ਦੁਨੀਆਂ ਤੋਂ ਜਾ ਚੁੱਕੀ ਸਨ ਪਰ ਫਿਰ ਵੀ ਉਨ੍ਹਾਂ ਨੂੰ ਏਮਜ਼ ਦੀ ਅੱਠਵੀਂ ਮੰਜ਼ਿਲ ਦੇ ਆਪਰੇਸ਼ਨ ਥਿਏਟਰ 'ਚ ਲਿਜਾਇਆ ਗਿਆ।ਡਾਕਟਰਾਂ ਨੇ ਦੇਖਿਆ ਕਿ ਗੋਲੀਆਂ ਨੇ ਇੰਦਰ ਦੇ ਲੀਵਰ ਦੇ ਸੱਜੇ ਹਿੱਸੇ ਨੂੰ ਛੱਲਣੀ ਕਰ ਦਿਤਾ ਸੀ। ਉਨ੍ਹਾਂ ਦੀ ਅੰਤੜੀ 'ਚ ਘੱਟੋ-ਘੱਟ 12 ਸੁਰਾਖ਼ ਹੋ ਗਏ ਸਨ। ਇਕ ਫੇਫੜੇ ਵਿਚ ਵੀ ਗੋਲੀ ਲੱਗੀ ਸੀ ਅਤੇ ਰੀੜ੍ਹ ਦੀ ਹੱਡੀ ਵੀ ਗੋਲੀਆਂ ਕਰਕੇ ਟੁੱਟ ਚੁੱਕੀ ਸੀ। 31 ਅਕਤੂਬਰ ਦੀ ਦੁਪਹਿਰ 2 ਵੱਜ ਕੇ 23 ਮਿੰਟ 'ਤੇ ਇੰਦਰਾ ਗਾਂਧੀ ਨੂੰ ਮ੍ਰਿਤਕ ਐਲਾਨ ਦਿਤਾ ਗਿਆ।




ਅਮਰੀਕਾ, ਇੰਗਲੈਂਡ, ਕੈਨੇਡਾ ਅਤੇ ਫਿਲਪਿਨਸ 'ਚ ਫ਼ਿਲਮਾਇਆ ਹੋਣ ਕਰ ਕੇ ਦਰਸ਼ਕ 1915 ਦੇ ਅੰਗਰੇਜ਼ੀ ਸ਼ਾਸਨ ਦੇ ਯੁੱਗ ਨਾਲ ਇੰਨਬਿੰਨ ਜੁੜੇ ਮਹਿਸੂਸ ਕਨਰਗੇ।

ਸ਼ਹੀਦ ਕਰਤਾਰ ਸਿੰਘ ਸਰਾਭਾ ਸਾਨ ਫਰਾਂਸਿਸਕੋ 1912 'ਚ ਪੜ੍ਹਨ ਆਏ ਸਨ ਅਤੇ ਉਹ ਬਾਬਾ ਸੋਹਣ ਸਿੰਘ ਭਕਨਾ ਅਤੇ ਗ਼ਦਰ ਲਹਿਰ ਨਾਲ ਜੁੜ ਗਏ। ਅੰਗਰੇਜ਼ੀ ਹਕੂਮਤ ਖ਼ਿਲਾਫ਼ ਉਨ੍ਹਾਂ ਦੀ ਵਿਦਰੋਹੀ ਸੋਚ ਅਤੇ ਗ਼ੁਲਾਮੀ ਦਾ ਗਲਬਾ ਗਲੋਂ ਲਾਹੁਣ ਦੀ ਦ੍ਰਿੜ੍ਹਤਾ ਨੂੰ ਉਨ੍ਹਾਂ ਨੇ ਬਹੁਤ ਹੀ ਗੰਭੀਰਤਾ ਨਾਲ ਫ਼ਿਲਮਾਇਆ ਹੈ। ਗ਼ਦਰ ਲਹਿਰ ਨਾਲ ਜੁੜੇ ਲੋਕਾਂ ਨੂੰ ਮਿਲ ਕੇ ਇਤਿਹਾਸ ਦੇ ਕਈ ਅਣਛੋਹੇ ਵਰਕੇ ਫ਼ਰੋਲਣ ਦਾ ਵੀ ਯਤਨ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਨੌਜਵਾਨ ਪੀੜ੍ਹੀ ਨੂੰ ਸਰਾਭਾ ਫ਼ਿਲਮ ਇਤਿਹਾਸ ਤੋਂ ਨਾ ਸਿਰਫ ਵਾਕਫ਼ ਕਰਵਾਏਗੀ, ਸਗੋਂ ਦੇਸ਼ ਭਗਤੀ ਦੇ ਅਰਥ ਵੀ ਸਮਝਾਏਗੀ।ਅੰਮ੍ਰਿਤ ਸਿੰਘ ਸਰਾਭਾ ਨੇ ਪੰਜਾਬੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਪਰਿਵਾਰਾਂ ਸਮੇਤ ਫ਼ਿਲਮ ਦੇਖਣ ਪਹੁੰਚਣ। ਪ੍ਰਸਿੱਧ ਨਿਰਦੇਸ਼ਕ ਕਵੀ ਰਾਜ ਜਿਸਨੇ ਬਲ਼ੈਕ ਪ੍ਰਿੰਸ ਵਰਗੀਆਂ ਫਿਲਮਾ ਨੂੰ ਡਰਾਇਕਟ ਕੀਤਾ ਹੈ ,ਨੇ ਵਿਸ਼ਵਾਸ ਨਾਲ ਕਿਹਾ ਕਿ 'ਭਾਗ ਮਿਲਖਾ ਸਿੰਘ ਭਾਗ' ਤੇ 'ਮਿੱਟੀ ਨਾ ਫ਼ਰੋਲ ਜੋਗੀਆ' ਵਰਗੀਆਂ ਬਾਲੀਵੁੱਡ ਫ਼ਿਲਮਾਂ 'ਚ ਆਪਣੀ ਅਦਾਕਾਰੀ ਦਾ ਲੋਹਾ ਮਨਵਾਉਣ ਵਾਲੇ ਜਪਤੇਜ ਸਿੰਘ ਨੇ ਇਸ ਫ਼ਿਲਮ 'ਚ ਵੀ ਬਾਕਮਾਲ ਅਦਾਕਾਰੀ ਕੀਤੀ ਹੈ। ਉਂਕਾਰ ਮਿਨਹਾਸ, ਦਇਆ ਸਿੰਘ ਤੇ ਸਾਜਿਦ ਸਲੀਮ ਦੇ ਸੰਗੀਤ 'ਚ ਬਣੀ ਇਸ ਫ਼ਿਲਮ ਦੇ ਗੀਤਾਂ ਲਈ ਕੰਵਰ ਗਰੇਵਾਲ, ਹੰਸ ਰਾਜ ਹੰਸ, ਨਿੰਜਾ, ਪ੍ਰਿੰਸ ਰੰਧਾਵਾ, ਜਾਵੇਦ ਅਲੀ ਤੇ ਸ਼ਾਹਿਦ ਹਲਿਆ ਆਦਿ ਵਿਸ਼ਵ ਪ੍ਰਸਿੱਧ ਗਾਇਕਾਂ ਨੇ ਆਪਣੀਆਂ ਆਵਾਜ਼ਾਂ ਦਿੱਤੀਆਂ ਹਨ।

ਲਰਨਿੰਗ ਲਾਇਸੈਂਸ

A TO Z DRIVING SCHOOL

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ








ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL

Lucky: 604-614-5365

Unit 15 - 8388 128 St., Surrey

ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ

*5 ਨਵੰਬਰ ਦਿਨ ਐਤਵਾਰ ਨੂੰ ਭੰਧੇਰ ਪਰਿਵਾਰ ਵੱਲੋਂ ਸਵੇਰੇ 9.30 ਤੋਂ 12 ਵਜੇ ਤੱਕ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਏ ਜਾਣਗੇ ਅਤੇ ਗੁਰੂ ਕਾ ਲੰਗਰ ਅਤੱਟ ਵਰਤੇਗਾ। ਸਾਧ ਸੰਗਤ ਨੂੰ ਪਰਿਵਾਰਾਂ ਸਮੇਤ ਸਮੇਂ ਸਿਰ ਪਹੰਚਣ ਲਈ ਬੇਨਤੀ ਕੀਤੀ ਜਾਂਦੀ ਹੈ।

*12 ਨਵੰਬਰ ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਬੰਦੀ ਛੋੜ ਦਿਵਸ ਮਨਾਇਆ ਜਾ ਰਿਹਾ ਹੈ।

2 ਪਰਿਵਾਰਾਂ ਵੱਲੋਂ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

ਨੋਟ:ਰੋਜਾਨਾ ਸ਼ਾਮ 7-8 ਵਜੇ ਤੱਕ ਭਾਈ ਪਰਮਜੀਤ ਸਿੰਘ ਖਾਲਸਾ ਆਸਾ ਦੀ ਵਾਰ ਦੀ ਕਥਾ ਸਰਵਣ ਕਰਵਾਉਂਦੇ ਹਨ।

ਰਾਗੀ ਜੱਥੇ
ਭਾਈ ਗੁਰਬਿੰਦਰ ਸਿੰਘ ਗਾਲਿਬ
ਲੁਧਿਆਣੇ ਵਾਲਿਆਂ ਦਾ ਜਥਾ

ਕਥਾਵਾਚਕ
ਭਾਈ ਪ੍ਰਮਜੀਤ ਸਿੰਘ
ਜੀ ਖਾਲਸਾ ਯੂਐਸਏ

ਤਬਲਾ ਸਿੱਖਣ ਲਈ ਸੰਪਰਕ ਕਰੋ:
604-413-7171

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ

ਗੁਰਦੁਆਰਾ ਸਾਹਿਬ:604-413-7171

ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



ਰੋਜਾਨਾ ਦੇ ਪ੍ਰੋਗਰਾਮ

ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਸਿੱਖਾਂ ਨੇ ਸਨਾਤਨ ਧਰਮ ਦੀ ਰੱਖਿਆ ਲਈ ਬਹੁਤ ਕੁਝ ਕੀਤਾ:ਰਾਜਨਾਥ



ਲਖਨਊ:ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸਨਾਤਨ ਧਰਮ ਦੀ ਰੱਖਿਆ ਲਈ ਸਿੱਖ ਭਾਈਚਾਰੇ ਵੱਲੋਂ ਕੀਤੇ ਕੰਮਾਂ ਦਾ ਹਵਾਲਾ ਦਿੰਦਿਆਂ ਆਖਿਆ ਕਿ ਸਿੱਖਾਂ ਨੇ ਹੀ ਰਾਮ ਜਨਮਭੂਮੀ ਅੰਦੋਲਨ ਸ਼ੁਰੂ ਕੀਤਾ ਸੀ ਅਤੇ ਕੋਈ ਵੀ ਭਾਰਤੀ ਉਨ੍ਹਾਂ ਦੇ ਯੋਗਦਾਨ ਨੂੰ ਕਦੇ ਵੀ ਨਹੀਂ ਭੁਲਾ ਸਕਦਾ। ਉਨ੍ਹਾਂ ਨੇ ਇਹ ਪ੍ਰਗਟਾਵਾ ਲਖਨਊ ਦੇ ਆਲਮਬਾਗ ਗੁਰਦੁਆਰਾ ਸਾਹਿਬ 'ਚ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਕੀਤਾ। ਸਿੰਘ ਨੇ ਕਿਹਾ, ''ਸਿੱਖ ਭਾਈਚਾਰੇ ਨੇ ਸਨਾਤਨ ਧਰਮ ਦੀ ਰੱਖਿਆ ਲਈ ਬਹੁਤ ਕੁਝ ਕੀਤਾ ਹੈ। ਰਾਮ ਜਨਮਭੂਮੀ ਲਈ ਵੀ ਕੋਈ ਭਾਰਤੀ ਉਨ੍ਹਾਂ ਦੇ ਯੋਗਦਾਨ ਨੂੰ ਨਹੀਂ ਭੁਲਾ ਸਕਦਾ।'' ਉਨ੍ਹਾਂ ਕਿਹਾ, ''ਮੈਂ, ਸਰਕਾਰੀ ਰਿਕਾਰਡ ਮੁਤਾਬਕ ਇੱਥੇ ਤੱਥ ਸਾਂਝਾ ਕਰਨਾ ਚਾਹੁੰਦਾ ਹਾਂ। ਇੱਕ ਐੱਫਆਈਆਰ ਮੁਤਾਬਕ ਪਹਿਲੀ ਦਸੰਬਰ 1958 ਨੂੰ ਸਿੱਖਾਂ ਦੇ ਜੱਥੇ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਦਾ ਨਾਅਰਾ ਲਾਉਂਦਿਆਂ ਉਸ ਕੰਪਲੈਕਸ 'ਤੇ ਕਬਜ਼ਾ ਕਰ ਲਿਆ ਅਤੇ ਕੰਧਾਂ 'ਤੇ ਹਰ ਥਾਂ 'ਰਾਮ ਰਾਮ' ਲਿਖ ਦਿੱਤਾ।'' ਉਨ੍ਹਾਂ ਆਖਿਆ, ''ਰਾਮ ਜਨਮਭੂਮੀ ਅੰਦੋਲਨ ਸਿੱਖਾਂ ਨੇ ਹੀ ਸ਼ੁਰੂ ਕੀਤਾ ਸੀ।'' ਰਾਜਨਾਥ ਨੇ ਕਿਹਾ ਕਿ ਹੁਣ ਹਰ ਕੋਈ ਉਨ੍ਹਾਂ ਦੇ ਹੱਕਾਂ ਦੀ ਗੱਲ ਕਰਦਾ ਹੈ ਪਰ ਉਨ੍ਹਾਂ ਦੇ ਫਰਜ਼ਾਂ ਦੀ ਨਹੀਂ। ਰੱਖਿਆ ਮੰਤਰੀ ਨੇ ਕਿਹਾ, ''ਜੇਕਰ ਕੋਈ ਭਾਈਚਾਰਾ ਹੈ, ਜਿਸ ਦੀ ਦੇਸ਼ ਲਈ ਜਾਨਾਂ ਵਾਰਨ ਦੀ ਦਰ (ਯੋਗਦਾਨ) ਅਤੇ ਸੈਨਾ ਵਿੱਚ ਮੌਜੂਦਗੀ ਉਨ੍ਹਾਂ ਦੀ ਆਬਾਦੀ ਦੀ ਦਰ ਤੋਂ ਬਹੁਤ ਵੱਧ ਹੈ, ਤਾਂ ਉਹ ਸਿੱਖ ਭਾਈਚਾਰਾ ਹੈ।

# ਪ੍ਰੈਸ ਦੀ ਅਜ਼ਾਦੀ ਦਾ ਘਾਣ

ਦਿੱਲੀ:ਮੱਧ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ, ਤੇਲੰਗਾਨਾ ਅਤੇ ਮਿਜ਼ੋਰਮ ਵਿਚ ਪ੍ਰੈੱਸ ਦੀ ਆਜ਼ਾਦੀ ਦੀ ਸਥਿਤੀ ਬਾਰੇ 'ਨਿਊਜ਼ ਲਾਂਡਰੀ' ਦੀ ਇਕ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਪਿਛਲੇ ਪੰਜ ਸਾਲਾਂ ਵਿਚ ਛੱਤੀਸਗੜ੍ਹ ਵਿਚ ਪ੍ਰੈਸ ਦੀ ਆਜ਼ਾਦੀ ਦੇ ਘਾਣ ਦੇ 122 ਮਾਮਲੇ ਦਰਜ ਕੀਤੇ ਗਏ, ਜਦੋਂ ਕਿ 64। ਅਜਿਹੇ ਮਾਮਲੇ ਮੱਧ ਪ੍ਰਦੇਸ਼ ਵਿੱਚ, 55 ਤੇਲੰਗਾਨਾ ਵਿੱਚ ਅਤੇ 17 ਰਾਜਸਥਾਨ ਵਿੱਚ ਸਾਹਮਣੇ ਆਏ ਹਨ ਜਿੱਥੇ ਪੱਤਰਕਾਰਾਂ ਨੂੰ ਉਨ੍ਹਾਂ ਦੇ ਕੰਮ ਕਰਨ ਲਈ ਨਿਸ਼ਾਨਾ ਬਣਾਇਆ ਗਿਆ ਸੀ। ਮਿਜ਼ੋਰਮ, ਜੋ ਕਿ ਬਾਕੀ ਚਾਰ ਨਾਲੋਂ ਛੋਟਾ ਰਾਜ ਹੈ, ਨੇ ਨੌਂ ਕੇਸ ਦਰਜ ਕੀਤੇ ਹਨ।

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application
Call : 778-869-1097
By Appointment Only
#202-12677-80AVE SURREY



GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750




SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711

The Builder's Direct
Experienced & Honest
Bath & Kitchen Fixtures



Wholesale price to public
We carry all major brands
Fireplaces Also Available



Get all kind of Kitchen & Washroom Fixtures at wholesale prices.
Call For Free Estimates
Parminder Singh: 604-787-7838
604-593-7755
12652-82 Ave, Surrey BC

# ਮੋਦੀ ਸਰਕਾਰ ਦੇ ਰਾਜ ਵਿਚ ਵੱਡੇ ਡਿਫਾਲਟਰਾਂ ਵਿਚ ਹੋ ਰਿਹਾ ਏ ਵਾਧਾ

ਨਵੀਂ ਦਿਲੀ-ਮਾਰਚ 2019 ਤੋਂ ਜਾਣਬੁੱਝ ਕੇ ਕਰਜ਼ ਨਾ ਚੁਕਾਉਣ ਵਾਲਿਆਂ (ਵਿਲਫੁੱਲ ਡਿਫਾਲਟਰਜ਼) ‘ਤੇ ਬਕਾਇਆ ਰਕਮ 100 ਕਰੋੜ ਰੁਪਏ ਰੋਜ਼ਾਨਾ ਤੋਂ ਵੱਧ ਦੀ ਰਫਤਾਰ ਨਾਲ ਵਧੀ ਹੈ।ਅਜਿਹੇ ਡਿਫਾਲਟਰਾਂ ਵੱਲ ਇਹ ਬਕਾਇਆ ਰਕਮ 1.20 ਲੱਖ ਕਰੋੜ ਰੁਪਏ ਤੱਕ ਵਧ ਗਈ ਹੈ । ‘ਵਿਲਫੁੱਲ ਡਿਫਾਲਟਰ’ ਸ਼ਬਦ ਦੀ ਵਰਤੋਂ ਉਨ੍ਹਾਂ ਕਰਜ਼ਾਈਆਂ ਲਈ ਕੀਤੀ ਜਾਂਦੀ ਹੈ, ਜਿਹੜੇ ਕਰਜ਼ ਚੁਕਾਉਣ ਦੀ ਸਮਰੱਥਾ ਹੋਣ ਦੇ ਬਾਵਜੂਦ ਕਰਜ਼ ਨਹੀਂ ਚੁਕਾਉਂਦੇ। ਇਨ੍ਹਾਂ ਵਿਚ ਛੋਟੇ ਕਰਜ਼ਦਾਰ ਸ਼ਾਮਲ ਨਹੀਂ ਹੁੰਦੇ, ਜਿਵੇਂ ਕਿ ਸੰਕਟਗ੍ਰਸਤ ਕਿਸਾਨ ਆਦਿ । ਮਾਰਚ 2019 ਤੋਂ ਬਾਅਦ ਰੋਜ਼ਾਨਾ 100 ਕਰੋੜ ਰੁਪਏ ਦਾ ਵਾਧਾ 22 ਜੁਲਾਈ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੀਤੇ ਗਏ ਇਸ ਦਾਅਵੇ ਨੂੰ ਪੂਰੀ ਤਰ੍ਹਾਂ ਖਾਰਜ ਕਰਦਾ ਹੈ ਕਿ ਪਿਛਲੀ ਯੂ ਪੀ ਏ ਸਰਕਾਰ ਨੇ ਘੁਟਾਲਿਆਂ



ਨਾਲ ਬੈਂਕਿੰਗ ਖੇਤਰ ਨੂੰ ਬਰਬਾਦ ਕਰ ਦਿੱਤਾ ਸੀ, ਜਦਕਿ ਉਨ੍ਹਾਂ ਦੀ ਸਰਕਾਰ ਨੇ ਇਸ ਦੀ ‘ਚੰਗੀ ਵਿੱਤੀ ਸਿਹਤ’ ਦੀ ਬਹਾਲੀ ਕੀਤੀ ਹੈ । ਬਕਾਇਆ ਰਕਮ ਹੋਰ ਵੀ ਵੱਧ ਹੋ ਸਕਦੀ ਹੈ, ਕਿਉਂਕਿ ਇਕ ਕੌਮੀਕ੍ਰਿਤ ਬੈਂਕ ਤੇ ਇਕ ਨਿੱਜੀ ਬੈਂਕ ਨੇ ਅਜੇ ਤੱਕ ਜੂਨ ਦੇ ਅੰਕੜੇ ਨਹੀਂ ਦਿੱਤੇ।ਨਿੱਜੀ ਖੇਤਰ ਦੇ ਬੈਂਕਾਂ ਤੇ ਹੋਰਨਾਂ ਵਿੱਤੀ ਸੰਸਥਾਨਾਂ ਨੇ ਅਜਿਹੇ ਕਰਜ਼ਿਆਂ, ਜਿਹੜੇ ਵਾਪਸ ਨਹੀਂ ਕੀਤੇ ਜਾ ਰਹੇ, ਵਿਚ ਉਨ੍ਹਾਂ ਦੀ ਹਿੱਸੇਦਾਰੀ ਵਿਚ ਥੋੜ੍ਹਾ ਵਾਧਾ ਦੇਖਿਆ ਹੈ, ਪਰ ਚਿੰਤਾ ਦੀ ਗੱਲ ਇਹ ਹੈ ਕਿ ਸਰਵਜਨਕ ਬੈਂਕਾਂ ਨੂੰ ਸਭ ਤੋਂ ਵੱਧ ਨੁਕਸਾਨ ਹੋ ਰਿਹਾ ਹੈ।ਜੂਨ 2023 ਵਿਚ ਵਿਲਫੁੱਲ ਡਿਫਾਲਟਰਾਂ ਵੱਲੋਂ ਨਾ ਚੁਕਾਏ ਗਏ ਕਰਜ਼ ਵਿਚ ਉਨ੍ਹਾਂ ਦੀ ਹਿੱਸੇਦਾਰੀ 77.5 ਫੀਸਦੀ ਸੀ । ਜਾਣਬੁੱਝ ਕੇ ਕਰਜ਼ ਨਾ ਚੁਕਾਉਣ ਵਾਲਿਆਂ ਵੱਲ 10 ਕੌਮੀਕ੍ਰਿਤ ਬੈਂਕਾਂ ਦਾ ਡੇਢ ਲੱਖ ਕਰੋੜ ਰੁਪਏ ਦਾ ਬਕਾਇਆ ਹੈ, ਜਿਸ ਵਿਚ ਸਟੇਟ ਬੈਂਕ ਆਫ ਇੰਡੀਆ ਦੇ 80 ਹਜ਼ਾਰ ਕਰੋੜ ਰੁਪਏ (ਜੂਨ ਮਹੀਨੇ ਤੱਕ) ਸ਼ਾਮਲ ਹਨ ।ਨਿੱਜੀ ਬੈਂਕਾਂ ਦਾ ਬਕਾਇਆ 53,500 ਕਰੋੜ ਰੁਪਏ ਸੀ ।

# ਜਗਦੀਪ ਸਿੰਘ ਬਛੇਰ ਕੈਨੇਡਾ ਦੀ ਯੂਨੀਵਰਸਿਟੀ ਆਫ ਵਾਟਰਲੂ ਦੇ 12ਵੇਂ ਚਾਂਸਲਰ ਨਿਯੁਕਤ



ਓਨਟਾਰੀਓ- ਭਾਰਤੀ ਮੂਲ ਦੇ ਜਗਦੀਪ ਸਿੰਘ ਬਛੇਰ ਕੈਨੇਡਾ ਦੀ ਇਕ ਨਾਮੀਂ ਸੰਸਥਾ ਯੂਨੀਵਰਸਿਟੀ ਆਫ ਵਾਟਰਲੂ ਦੇ 12ਵੇਂ ਚਾਂਸਲਰ ਨਿਯੁਕਤ ਕੀਤੇ ਗਏ ਹਨ। ਯੂਨੀਵਰਸਿਟੀ ਆਫ ਵਾਟਰਲੂ ਕੈਨੇਡਾ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਵਿੱਚੋਂ ਇਕ ਹੈ, ਜਿੱਥੇ ਹਰ ਸਾਲ ਤਕਰੀਬਨ 42,000 ਦੇ ਕਰੀਬ ਵਿਦਿਆਰਥੀ ਪੜ੍ਹਨ ਲਈ ਆਉਂਦੇ ਹਨ। ਵਾਟਰਲੂ ਯੂਨੀਵਰਸਿਟੀ ਐਕਸਪੈਰੀਮੈਂਟਲ ਲਰਨਿੰਗ ਲਈ ਕੈਨੇਡਾ ‘ਚ ਪਹਿਲੇ ਨੰਬਰ ਦੀ ਯੂਨੀਵਰਸਿਟੀ ਮੰਨੀ ਜਾਂਦੀ ਹੈ।ਜਗਦੀਪ ਸਿੰਘ ਦੀ ਗੱਲ ਕਰੀਏ ਤਾਂ ਉਨ੍ਹਾਂ ਵੱਲੋਂ ਵਾਟਰਲੂ ਯੂਨੀਵਰਸਿਟੀ ਤੋਂ ਹੀ ਬੈਚਲਰ ਆਫ ਐਪਲਾਈਡ ਸਾਇੰਸ, ਮੈਨੇਜਮੈਂਟ ਸਾਇੰਸ, ਪੀ.ਐੱਚ.ਡੀ. ਮੈਨੇਜਮੈਂਟ ਸਾਇੰਸ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਜਗਦੀਪ ਸਿੰਘ ਬਛੇਰ ਯੂਨੀਵਰਸਿਟੀ ਆਫ ਕੈਲੀਫੋਰਨੀਆ ਵਿੱਚ ਮੁੱਖ ਨਿਵੇਸ਼ ਅਧਿਕਾਰੀ ਅਤੇ ਉਪ ਪ੍ਰਧਾਨ ਵੀ ਹਨ, ਜਿੱਥੇ ਉਹ 164 ਬਿਲੀਅਨ ਡਾਲਰ ਦੇ ਨਿਵੇਸ਼ ਪੋਰਟਫੋਲੀਓ ਦੀ ਨਿਗਰਾਨੀ ਕਰਦੇ ਹਨ। ਚਾਂਸਲਰ ਵਜੋਂ ਆਪਣੀ ਨਵੀਂ ਭੂਮਿਕਾ ਵਿੱਚ, ਉਹ ਯੂਨੀਵਰਸਿਟੀ ਦੇ ਮੁਖੀ ਵਜੋਂ ਸੰਸਥਾ ਲਈ ਇੱਕ ਮੁੱਖ ਅੰਬੈਸਡਰ ਹੋਣਗੇ। ਵਾਟਰਲੂ ਦੇ ਵਿਜ਼ਨ ਨੂੰ ਧਿਆਨ ਵਿੱਚ ਰੱਖਦੇ ਹੋਏ, ਵਾਟਰਲੂ ਯੂਨੀਵਰਸਿਟੀ ਦੇ ਮਿਸ਼ਨ ਨੂੰ ਸੂਬਾਈ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ‘ਤੇ ਅੱਗੇ ਵਧਾਉਣਗੇ। ਉਹ ਯੂਨੀਵਰਸਿਟੀ ਕਨਵੋਕੇਸ਼ਨ ਸਮਾਰੋਹਾਂ ਦੀ ਪ੍ਰਧਾਨਗੀ, ਗ੍ਰੈਜੂਏਟ ਹੋਣ ਵਾਲੇ ਵਿਦਿਆਰਥੀਆਂ ਨੂੰ ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟ ਪ੍ਰਦਾਨ ਕਰਦੇ ਨਜ਼ਰ ਆਉਣਗੇ ਅਤੇ ਭਾਈਚਾਰੇ ਲਈ ਉਹ ਇੱਕ ਪ੍ਰੇਰਨਾ ਸਰੋਤ ਵਜੋਂ ਕੰਮ ਕਰਨਗੇ।

# ਅਮਰੀਕਾ ਬਣਾ ਰਿਹਾ ਹੈ ਪ੍ਰਮਾਣੂ ਗਰੈਵਿਟੀ ਬੰਬ

ਵਾਸ਼ਿੰਗਟਨ:ਅਮਰੀਕਾ ਨਵਾਂ ਨਿਊਕਲੀਅਰ ਗਰੈਵਿਟੀ ਬੰਬ ਬਣਾਉਣ ਜਾ ਰਿਹਾ ਹੈ।ਅਮਰੀਕੀ ਰੱਖਿਆ ਵਿਭਾਗ ਨੇ ਘੋਸ਼ਣਾ ਕੀਤੀ ਹੈ ਕਿ ਉਹ ਬੀ61-13 ਫ਼ਲਸਤੁੋਤੇ ਕੰਮ ਸ਼ੁਰੂ ਕਰਨ ਜਾ ਰਿਹਾ ਹੈ, ਜੋ ਕਿ ਬੀ61 ਪ੍ਰਮਾਣੂ ਗਰੈਵਿਟੀ ਬੰਬ ਦਾ ਆਧੁਨਿਕ ਸੰਸਕਰਣ ਹੈ। ਇਹ ਐਟਮੀ ਬੰਬ ਦੂਜੇ ਵਿਸ਼ਵ ਯੁੱਧ ਦੌਰਾਨ ਜਾਪਾਨ ਤੇ ਸੁੱਟੇ ਗਏ ਬੰਬ ਤੋਂ 24 ਗੁਣਾ ਜ਼ਿਆਦਾ ਤਾਕਤਵਰ ਹੈ।

ਨਵੇਂ ਬੰਬ ਦੀ ਘੋਸ਼ਣਾ ਕਰਦੇ ਹੋਏ, ਰੱਖਿਆ ਦੇ ਸਹਾਇਕ ਸਕੱਤਰ ਜੌਨ ਪਲੰਬ ਨੇ ਕਿਹਾ ਕਿ ਸੰਯੁਕਤ ਰਾਜ ਦੀ ਜ਼ਿੰਮੇਵਾਰੀ ਹੈ ਕਿ ਉਹ ਕਿਸੇ ਵੀ ਸੰਭਾਵੀ ਖਤਰੇ ਨੂੰ ਰੋਕਣ ਲਈ ਲੋੜੀਂਦੀਆਂ ਸਮਰੱਥਾਵਾਂ ਦਾ ਮੁਲਾਂਕਣ ਕਰਨਾ ਜਾਰੀ ਰੱਖੇ। ਲੋੜ ਪੈਣ ‘ਤੇ ਰਣਨੀਤਕ ਹਮਲਿਆਂ ਦਾ ਵੀ ਜਵਾਬ ਦਿਓ।


ਮਨ ਮਨੁੱਖ ਦੀ ਕੁੰਜੀ ਹੈ Mind is the key to the man.

NATURAL **HOMEOPATHIC** SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:

- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.

ਹੋਮਿਓਪੈਥ ਆਰ. ਐਸ. ਸੈਨੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



# TMG LOGISTICS INC.

## Need Owner Operators

NOW HIRING

*Vancouver to California *California to Alberta Back Vancouver
*Vancouver to East USA Return

*Good Paying Loads*



## Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

*#121-13140-80Ave Surrey, BC V3W 3B2*

# 31 ਅਕਤੂਬਰ 84 ਨੂੰ ਜਦੋਂ ਸਿੰਘਾਂ ਨੇ ਕੀਤਾ ਸੀ ਜ਼ੁਲਮ ਦਾ ਅੰਤ

31 ਅਕਤੂਬਰ 1984 ਦਾ ਦਿਨ ਇਤਿਹਾਸ ਵਿੱਚ ਇੱਕ ਨਿਵੇਕਲਾ ਪੰਨਾ ਲਿਖ ਗਿਆ ਹੈ। ਜਿਸ ਨੂੰ ਪੜ੍ਹਨ ਵਾਲੇ ਦੀ ਨਜ਼ਰ ਉੱਤੇ ਨਿਰਭਰ ਕਰਦਾ ਹੈ ਕਿ ਉਹ ਇਸ ਨੂੰ ਕਿਸ ਨਜ਼ਰੀਏ ਨਾਲ ਪੜ੍ਹਦਾ ਜਾਂ ਸਮਝਦਾ ਹੈ। ਉਸ ਦਿਨ ਸਰਕਾਰੀ ਬੰਦੂਕਾਂ ਪਿਸਤੌਲਾਂ ਵਿੱਚੋਂ ਗੋਲੀਆਂ ਚੱਲੀਆਂ ਸਨ। ਜਿਹਨਾਂ ਦੇ ਖੜਾਕ ਨੇ ਜੁਲਮ ਦੀ ਅਵਾਜ਼ ਨੂੰ ਸਦਾ ਵਾਸਤੇ ਚੁੱਪ ਕਰਵਾ ਦਿੱਤਾ ਸੀ।ਉਸ ਦਿਨ ਇੱਕ ਪਾਸੇ ਵੱਡੀ ਖੁਸ਼ੀ ਦਿਖਾਈ ਦਿੱਤੀ ਅਤੇ ਦੂਜੇ ਪਾਸੇ ਇੱਕ ਵੱਡਾ ਮਾਤਮ ਸੀ। ਪ੍ਰੰਤੂ ਇਸ ਮਾਤਮ ਵਿੱਚ ਹੀ ਇੱਕ ਸਾਜਿਸ਼ ਵੀ ਪਣਪ ਰਹੀ ਸੀ। ਜਿਸ ਨੇ ਅਗਲੇ ਹੀ ਪਲ ਇੱਕ ਵੱਡੇ ਨਰਸੰਘਾਰ ਨੂੰ ਅੰਜ਼ਾਮ ਦੇਣਾ ਸੀ? ਇਸ ਦਿਨ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਦਿਨ ਦਿਹਾੜੇ ਕਤਲ ਹੋ ਗਿਆ ਸੀ। ਕਤਲ ਕਰਨ ਵਾਲੇ ਉਸ ਦੇ ਨਿੱਜੀ ਅੰਗ ਰੱਖਿਅਕ ਸ.ਬੇਅੰਤ ਸਿੰਘ ਅਤੇ ਸਤਵੰਤ ਸਿੰਘ ਸਨ। ਜਿਹੜੇ ਇੰਦਰਾ ਗਾਂਧੀ ਦੇ ਅਤਿ ਭਰੋਸੇਮੰਦ ਬੰਦੇ ਸਨ। ਦੋਹੇ ਹਰ ਵੇਲੇ ਪਰਛਾਵੇਂ ਦੀ ਤਰ੍ਹਾਂ ਇੰਦਰਾ ਗਾਂਧੀ ਦੇ ਨਾਲ ਰਹਿੰਦੇ ਸਨ ਤਾਂ ਕਿ ਕੋਈ ਉਸਦਾ ਨੁਕਸਾਨ ਨਾ ਕਰ ਜਾਵੇ । ਪ੍ਰੰਤ ਇੰਦਰਾ ਨੇ ਅਜਿਹਾ ਬਜ਼ਰ ਪਾਪ ਕਰ ਲਿਆ ਕਿ ਕਾਲ ਉਸਦੀ ਬੁੱਕਲ ਵਿੱਚੋਂ ਹੀ ਪੈਦਾ ਹੋ ਗਿਆ। ਇਹ ਸਭ ਕੁਝ ਕਿਉਂ ਵਾਪਰਿਆ ਅਤੇ ਕਿਵੇਂ ਵਾਪਰਿਆ ? ਇਹ ਇੱਕ ਪਾਸੇ ਤਾਂ ਵੱਡੀ ਖੋਜ ਦਾ ਵਿਸ਼ਾ ਹੈ, ਪ੍ਰੰਤੂ ਦੂਜੇ ਪਾਸੇ ਸਰਲ ਵੀ ਬਹੁਤ ਹੈ, ਕਿ ਜਦੋਂ ਕੋਈ ਕਿਸੇ ਕੌਮ ਦੇ ਇਸ਼ਟ ਉੱਤੇ ਹਮਲਾ ਕਰ ਦੇਵੇ ਜਾਂ ਕਿਸੇ ਕੌਮ ਨੂੰ ਮਿਟਾਉਣ ਉੱਤੇ ਉੱਤਰ ਆਵੇ ਤਾਂ ਬਹਾਦਰ ਅਤੇ ਅਣਖ਼ੀ ਕੌਮਾਂ ਵਿੱਚ ਸੂਰਮੇ ਉੱਠਦੇ ਰਹੇ ਹਨ। ਜਿਹੜੇ ਅਜਿਹੇ ਹਾਕਮਾਂ ਦਾ ਹਿਸਾਬ ਕਿਤਾਬ ਬਰਾਬਰ ਕਰਦੇ ਰਹਿੰਦੇ ਹਨ। ਅਜੋਕੀ ਪੀੜ੍ਹੀ ਵਿੱਚ ਅੱਜਕੱਲ੍ਹ ਪੜ੍ਹਨ ਲਿਖਣ ਦੀ ਰੂਚੀ ਘਟਦੀ ਜਾ ਰਹੀ ਹੈ। ਪ੍ਰੰਤੂ ਇਤਿਹਾਸ ਪੜ੍ਹਨ ਦੀ ਰੂਚੀ ਤਾਂ ਖਤਮ ਹੀ ਹੋ ਚੁੱਕੀ ਹੈ। ਅੱਜ ਦੇ ਬੱਚਿਆਂ ਨੂੰ ਨਵੀਂ ਤਕਨੀਕ ਨੇ ਫੇਸ ਬੁੱਕ, ਇੰਸਟਾਗ੍ਰਾਮ, ਵਟਸਐਪ ਅਤੇ ਹੋਰ ਐਪ ਸੋਸ਼ਲ ਮੀਡੀਆ ਉੱਤੇ ਦਿੱਤੇ ਹਨ। ਜਿਸ ਵਿੱਚ ਉਹਨਾਂ ਨੂੰ ਇਤਿਹਾਸ ਤੋਂ ਬਿਨ੍ਹਾਂ ਹੋਰ ਬਹੁਤ ਕੁਝ ਪਰੋਸਿਆ ਜਾਂਦਾ ਹੈ ਅਤੇ ਬੱਚਿਆਂ ਦਾ ਇਸ ਪਾਸੇ ਵੱਲ ਧਿਆਨ ਹੀ ਨਹੀਂ ਆਉਂਦਾ। ਸਕੂਲੀ ਕਿਤਾਬਾਂ ਜਾਂ ਕਾਲਿਜਾਂ ਵਿਚਲੇ ਇਤਿਹਾਸ ਵਿੱਚ ਜਾਣਕਾਰੀਆਂ ਸਮੇਂ ਦੀਆਂ ਸਰਕਾਰਾਂ ਅਨੁਸਾਰ ਹੀ ਦਰਜ਼ ਕੀਤੀਆਂ ਜਾਂਦੀਆਂ ਹਨ। ਜਿਹੜੀਆਂ ਇਤਿਹਾਸ ਦੇ ਹਾਣ ਦੀਆਂ ਨਹੀਂ ਹੁੰਦੀਆਂ। ਇਸ ਕਰਕੇ ਜੋ ਪੜ੍ਹਨ ਨੂੰ ਮਿਲ ਰਿਹਾ ਹੈ।ਉਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਕਈ ਪੱਖਾਂ ਤੋਂ ਅਗਿਆਨੀ ਰਹਿਣਗੀਆਂ। ਉਹਨਾਂ ਨੂੰ ਇਤਿਹਾਸ ਵਿੱਚੋਂ ਸਮੇਂ ਦਾ ਸੱਚ ਵੇਖਣ ਨੂੰ ਨਹੀਂ ਮਿਲੇਗਾ। ਇਸ ਕਰਕੇ ਨਵ ਜੰਮਿਆਂ ਦੇ ਪੱਲੇ ਅਧੂਰੀਆਂ ਜਾਣਕਾਰੀਆਂ ਹੀ ਪੈਣਗੀਆਂ। ਹੁਣ ਜਦੋਂ ਕੋਈ ਇਹ ਪੜ੍ਹਦਾ ਹੋਵੇਗਾ ਕਿ ਭਾਰਤ ਵਰਗੇ ਵੱਡੇ ਲੋਕਤੰਤਰ ਵਿੱਚ ਵੋਟਾਂ ਰਾਹੀਂ ਚੁਣਕੇ, ਦੇਸ਼ ਦੀ ਪ੍ਰਧਾਨ ਮੰਤਰੀ ਬਣੀ ਇੱਕ ਔਰਤ ਨੂੰ, ਉਸ ਦੇ ਸੁਰੱਖਿਆ ਕਰਮਚਾਰੀਆਂ ਨੇ ਹੀ ਗੋਲੀਆਂ ਮਾਰਕੇ ਮਾਰ ਦਿੱਤਾ ? ਇੱਕ ਦੀ ਔਰਤ ਆਗੂ ਉੱਤੇ ਹਮਲਾ, ਭਾਰਤ ਵਰਗੇ ਧਰਮ ਨਿਰਪੱਖ ਦੇਸ਼ ਦੀ ਪ੍ਰਧਾਨ ਮੰਤਰੀ ਨੂੰ ਮਾਰ ਦੇਣਾ, ਉਹ ਵੀ ਉਸ ਦੇ ਸਿੱਖ ਬਾਡੀਗਾਰਡਾਂ ਵੱਲੋਂ ? ਇਹ ਸ਼ਬਦ ਪੜ੍ਹਕੇ ਕਿਸੇ ਦਾ ਵੀ ਖੂਨ ਇੱਕ ਵਾਰ ਖੌਲ ਸਕਦਾ ਹੈ ਕਿ ਇਹ ਬਹੁਤ ਗਲਤ ਹੋਇਆ ? ਪ੍ਰੰਤੂ ਇਸ ਦਾ ਦੂਜਾ ਵੀ ਇੱਕ ਪੱਖ ਹੈ ਜਿਸ ਨੂੰ ਇਤਿਹਾਸ ਆਪਣੀ ਹਿੱਕ ਉੱਤੇ ਉਕਰੀ ਬੈਠਾ ਹੈ। ਬੇਸ਼ੱਕ ਭਾਰਤ ਦੇ ਇਤਿਹਾਸ ਵਿੱਚ ਇਸ ਨੂੰ ਤੋੜ ਮਰੋੜਕੇ ਲਿਖਿਆ ਜਾ ਰਿਹਾ ਹੈ। ਪ੍ਰੰਤੂ ਸਿੱਖ ਇਤਿਹਾਸ ਅਤੇ ਹੋਰ ਦੇਸ਼ਾਂ ਵਿੱਚ ਇਸ ਉੱਤੇ ਬਹੁਤ ਕੁਝ ਸੱਚ ਵੀ ਲਿਖਿਆ ਜਾ ਰਿਹਾ ਹੈ। ਭਾਰਤ ਵਿੱਚ ਸਿੱਖ ਇੱਕ ਘੱਟਗਿਣਤੀ ਕੌਮ ਹਨ ਅਤੇ ਇਹ ਵੀ ਕਿਸੇ ਨੂੰ ਸ਼ੱਕ ਨਹੀਂ ਹੋਣਾ ਕਿ ਭਾਰਤ ਪਾਕਿ ਦੀ ਵੰਡ ਸਮੇਂ ਸਿੱਖਾਂ ਨੂੰ ਭਾਰਤੀ ਲੀਡਰਸ਼ਿਪ ਨੇ ਵਾਹਦੇ ਕਰਕੇ ਭਾਰਤ ਨਾਲ ਰਹਿਣ ਵਾਸਤੇ ਮਨਾਇਆ ਸੀ ਕਿ ਆਜ਼ਾਦ ਭਾਰਤ



ਵਿੱਚ ਸਿੱਖਾਂ ਨੂੰ ਵਿਸ਼ੇਸ਼ ਦਰਜ਼ਾ ਅਤੇ ਵਧੀਆ ਮਾਨ ਸਨਮਾਨ ਮਿਲੇਗਾ। ਇਸ ਭਰੋਸੇ ਹੀ ਸਿੱਖਾਂ ਨੇ ਆਪਣੀ ਕਿਸਮਤ ਭਾਰਤ ਨਾ ਜੋੜੀ ਸੀ। ਨਹੀਂ ਤਾਂ ਸਿੱਖਾਂ ਕੋਲ 1849 ਭਾਵ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੱਕ,ਆਪਣਾ ਰਾਜ ਸੀ। ਜਿਵੇਂ ਭਾਰਤ ਗੁਲਾਮ ਹੋਇਆ ਸੀ। ਉਸ ਤਰ੍ਹਾਂ ਹੀ ਸਿੱਖ ਵੀ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਗੋਰਿਆਂ ਦੀ ਗੁਲਾਮੀਂ ਵਿੱਚ ਫਸ ਗਏ ਸਨ। ਜੇ ਭਾਰਤ ਆਜ਼ਾਦ ਹੋਇਆ ਸੀ ਅਤੇ ਪਾਕਿਸਤਾਨ ਵੱਖਰਾ ਬਣ ਗਿਆ ਸੀ ਤਾਂ ਸਿੱਖ ਵੀ ਆਪਣਾ ਰਾਜ ਵਾਪਿਸ ਮੰਗ ਸਕਦੇ ਸਨ ? ਪ੍ਰੰਤੂ ਉਸ ਸਮੇਂ ਭਾਰਤੀ ਆਗੂਆਂ ਖਾਸ ਕਰਕੇ ਇੰਦਰਾ ਗਾਂਧੀ ਦੇ ਪਿਤਾ ਪੰਡਿਤ ਜਵਾਹਰ ਲਾਲ ਨਹਿਰੂ ਦੀਆਂ ਮੋਮੋ ਠਗਣੀਆਂ ਵਿੱਚ ਫਸਕੇ ਸਿੱਖਾਂ ਨੇ ਭਰੋਸਾ ਕਰ ਲਿਆ । ਪ੍ਰੰਤੂ 10 ਅਕਤੂਬਰ 1947 ਨੂੰ ਹੀ ਸਿੱਖਾਂ ਨੂੰ ਜ਼ਰਾਇਮ ਪੇਸ਼ ਕੌਮ ਦਾ ਖਿਤਾਬ ਦੇ ਦਿੱਤਾ ਗਿਆ ਸੀ ? ਜਿਸ ਤੋਂ ਜ਼ਾਹਿਰ ਹੁੰਦਾ ਹੈ ਕਿ ਨਹਿਰੂ ਖਾਨਦਾਨ ਨੂੰ ਸਿੱਖਾਂ ਨਾਲ ਵਿਸ਼ੇਸ਼ ਦੁਸ਼ਮਣੀ ਜਾਂ ਰੰਜਸ਼ ਹੈ ? ਬੇਸ਼ੱਕ ਮਹਾਤਮਾ ਗਾਂਧੀ ਅਤੇ ਪਟੇਲ ਵੀ ਨਹਿਰੂ ਦੇ ਸਾਥੀ ਹਨ।ਪ੍ਰੰਤੂ ਆਜ਼ਾਦ ਭਾਰਤ ਦਾ ਪਹਿਲਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਹੀ ਬਣਿਆ। ਇਸ ਕਰਕੇ ਉਸ ਦੀਆਂ ਨੀਤੀਆਂ ਉੱਤੇ ਹੀ ਕਾਂਗਰਸ ਪਹਿਰਾ ਦਿੰਦੀ ਰਹੀ। ਨਹਿਰੂ ਨੇ ਆਪਣੀ ਸਵੈ ਜੀਵਣੀ ਵਿੱਚ ਲਿਖਿਆ ਹੈ ਕਿ ਮੈਨੂੰ ਅਫਸੋਸ ਰਹੇਗਾ ਕਿ ਪੰਜਾਬ ਵਿੱਚ ਅਨਪੜ੍ਹ ਪੇਂਡੂ ਗਵਾਰ, ਪੜ੍ਹੇ ਲਿਖੇ ਸ਼ਹਿਰੀਆਂ ਉੱਤੇ ਰਾਜ ਕਰਨਗੇ। ਇਸ ਦਾ ਸਿੱਧਾ ਇਸ਼ਾਰਾ ਸਿੱਖਾਂ ਵੱਲ ਹੀ ਹੈ ? ਪ੍ਰੰਤੂ 27 ਮਈ 1964 ਨੂੰ ਦੇਹਰਾਦੂਨ ਦੇ ਰੈਸਟ ਹਾਊਸ ਵਿੱਚ ਨਹਿਰੂ ਦੀ ਅਚਾਨਕ ਮੌਤ ਹੋ ਗਈ ਅਤੇ ਉਸ ਤੋਂ ਬਾਅਦ ਗੁਲਜ਼ਾਰੀ ਲਾਲ ਨੰਦਾ 13 ਦਿਨ ਵਾਸਤੇ ਪ੍ਰਧਾਨ ਮੰਤਰੀ ਬਣੇ ਅਤੇ ਬਾਅਦ ਲਾਲ ਬਹਾਦੁਰ ਸ਼ਾਸਤਰੀ 9 ਜੂਨ 1964 ਨੂੰ ਪ੍ਰਧਾਨ ਮੰਤਰੀ ਬਣੇ। ਜਿਹਨਾਂ ਦੀ ਸੋਚ ਨਹਿਰੂ ਤੋਂ ਬਿਲਕੁੱਲ ਵੱਖਰੀ ਅਤੇ ਭਾਰਤਵਾਦੀ ਸੀ। ਪ੍ਰੰਤੂ ਉਹਨਾਂ ਨੂੰ ਵੀ ਕੁਦਰਤ ਨੇ ਸਿਰਫ ਇੱਕ ਸਾਲ ਅਤੇ 216 ਦਿਨ ਦਾ ਹੀ ਮੌਕਾ ਦਿੱਤਾ। ਉਹ ਵੀ 11 ਜਨਵਰੀ 1966 ਨੂੰ ਤਾਸ਼ਕੰਦ ਰੂਸ ਵਿਖੇ ਦੁਨੀਆਂ ਨੂੰ ਅਲਵਿਦਾ ਆਖ ਗਏ। ਫਿਰ ਦੁਬਾਰਾ ਗੁਲਜ਼ਾਰੀ ਲਾਲ ਨੰਦਾ 13 ਦਿਨ ਵਾਸਤੇ ਪ੍ਰਧਾਨ ਮੰਤਰੀ ਬਣੇ। ਪ੍ਰੰਤੂ 24 ਜਨਵਰੀ 1966 ਨੂੰ ਨਹਿਰੂ ਦੀ ਧੀ ਇੰਦਰਾ ਗਾਂਧੀ ਦੇਸ਼ ਦੀ ਪ੍ਰਧਾਨ ਮੰਤਰੀ ਬਣ ਗਈ।ਜਿਸ ਨੇ ਦੋ ਕਿਸ਼ਤਾਂ ਵਿੱਚ 15 ਸਾਲ 350 ਦਿਨ ਰਾਜ ਕੀਤਾ ਕਿਉਂਕਿ ਵਿੱਚੋਂ ਐਮਰਜੰਸੀ ਕਰਕੇ ਇੱਕ ਵਾਰ ਰਾਜ ਪਲਟਾ ਹੋ ਗਿਆ ਸੀ ਅਤੇ ਮੋਰਾਰਜੀ ਦੇਸਾਈ ਨੂੰ 2 ਸਾਲ 126 ਦਿਨ ਅਤੇ ਫਿਰ ਚੌ, ਚਰਨ ਸਿਹੁੰ ਨੂੰ 170 ਦਿਨ ਵਾਸਤੇ ਪ੍ਰਧਾਨ ਮੰਤਰੀ ਦੀ ਕੁਰਸੀ ਨਸੀਬ ਹੋਈ ਸੀ। ਇੰਦਰਾ ਬਚਪਨ ਤੋਂ ਹੀ ਖੁੱਲ੍ਹੇ ਖਿਆਲਾਂ ਦੀ ਸੀ। ਕਸ਼ਮੀਰੀ ਪੰਡਿਤਾਂ ਦੇ ਘਰ ਜਨਮ ਲੈਕੇ, ਉਸ ਨੇ ਭਾਰਤੀ ਜਾਂ ਸਨਾਤਨੀ ਸੰਕ੍ਰਿਤੀ ਜਾਂ ਬ੍ਰਾਹਮਣੀ ਧਰਮ ਦੀ ਮਰਿਯਾਦਾ ਦੀ ਬੇਪਰਵਾਹੀ ਕਰਦਿਆਂ, ਇੱਕ ਪਾਰਸੀ ਫ਼ਿਰੋਜ਼ ਖਾਨ ਨਾਲ ਵਿਆਹ ਕਰਵਾ ਲਿਆ ਸੀ। ਜਿਸ ਨੂੰ ਫ਼ਿਰੋਜ਼ ਗਾਂਧੀ ਵੀ ਆਖਿਆ ਜਾਂਦਾ ਹੈ। ਇੱਥੋਂ ਹੀ ਇੰਦਰਾ ਦੀਆਂ ਮਨਮਾਨੀਆਂ ਅਤੇ ਬੇਪਰਵਾਹੀਆਂ ਜਾਂ ਆਪ ਹੁਦਰੀਆਂ ਦਾ ਮੁੱਢ ਬੱਝਦਾ ਨਜ਼ਰ ਆਉਂਦਾ ਹੈ। ਪਾਰਸੀ ਨਾਲ ਵਿਆਹ ਕਰਵਾਉਣ ਬਦਲੇ ਹੀ ਇੰਦਰਾ ਨੂੰ ਜਗਨਨਾਥ ਪੁਰੀ ਦੇ ਮੰਦਿਰ ਵਿੱਚ ਦਾਖਲੇ ਤੋਂ ਰੋਕ ਦਿੱਤਾ ਗਿਆ ਸੀ ਕਿਉਂਕਿ ਇਸ ਮੰਦਿਰ ਸਮੇਤ ਦੱਖਣੀ ਭਾਰਤ ਦੇ ਬਹੁਤ ਸਾਰੇ ਮੰਦਿਰਾਂ ਵਿੱਚ ਬ੍ਰਾਹਮਣਾਂ (ਹਿੰਦੂਆਂ) ਤੋਂ ਬਿਨ੍ਹਾਂ ਦੂਜਿਆਂ ਧਰਮਾਂ ਜਾਂ ਕੌਮਾਂ ਦੇ ਲੋਕਾਂ ਦਾ ਦਾਖਲਾ ਵਵਰਜਿਤ ਹੈ।ਪੁਜਾਰੀਆਂ ਨੇ ਇਹ ਆਖਕੇ ਇੰਦਰਾ ਨੂੰ ਰੋਕਿਆ ਸੀ ਕਿ ਹੁਣ ਤੂੰ ਬ੍ਰਾਹਮਣ ਨਹੀਂ ਰਹੀ। ਬੇਸ਼ੱਕ ਉਸ ਨੂੰ ਬ੍ਰਾਹਮਣਵਾਦ ਨੇ ਧੱਕਾ ਵੀ ਦਿੱਤਾ ਅਤੇ ਪਾਲੀ ਵੀ ਗਈ। ਪ੍ਰੰਤੂ ਸਿੱਖਾਂ ਵਾਸਤੇ ਅੰਦਰਲੀ ਨਫਰਤ ਨੂੰ ਘੱਟ ਨਾ ਕਰ ਸਕੀ। ਆਪਣੇ ਪਿਤਾ ਨਹਿਰੂ ਦੇ ਕਾਰਜ਼ਕਾਲ ਵਿੱਚ ਅਕਸਰ ਹੀ ਇੰਦਰਾ ਦੇਖਦੀ ਰਹੀ ਕਿ ਭਾਰਤ ਵਿੱਚ ਨਹਿਰ ਨੂੰ ਵੰਗਾਰਨ ਵਾਲੀ ਇੱਕ ਹੀ ਕੌਮ ਸਿੱਖ ਅਤੇ ਇਕਲੌਤਾ ਸੂਬਾ ਪੰਜਾਬ ਹੀ ਹੈ। ਜੋ ਕੁਝ ਉਸ ਨੂੰ ਵਿਰਾਸਤ ਵਿੱਚ ਮਿਲਿਆ ਅਤੇ ਜੋ ਵਧੀਕੀਆਂ ਨਹਿਰੂ ਦੇ ਰਾਜ ਵਿੱਚ ਸਿੱਖਾਂ ਜਾਂ ਪੰਜਾਬ ਨਾਲ ਹੋਈਆਂ ਉਸ ਤੋਂ ਇੰਦਰਾ ਨੇ ਸਬਕ ਨਹੀਂ ਸਿਖਿਆ ਕਿ ਭਾਰਤ ਵਿੱਚ ਸਭ ਨੂੰ ਬਰਾਬਰ ਦਾ ਹੱਕ ਹੋਣਾ ਚਾਹੀਦਾ ਹੈ ਸਗੋਂ ਇੰਦਰਾ ਨੇ ਆਪਣੇ ਪਿਤਾ ਤੋਂ ਵੀ ਅੱਗੇ ਜਾਕੇ ਪੰਜਾਬ ਅਤੇ ਸਿੱਖਾਂ ਦਾ ਨੁਕਸਾਨ ਕਰਨਾ ਆਰੰਭ ਕਰ ਦਿੱਤਾ। ਇੰਦਰਾ ਦੇ ਮਨ ਵਿੱਚ ਭਾਰਤ ਦੀ ਤਾਨਾਸ਼ਾਹ ਬਣਕੇ ਮਨਮਾਨੀਆਂ ਕਰਨ ਦੀ ਲਾਲਸਾ ਵੀ ਜਾਗੀ। ਜਿਸ ਕਰਕੇ ਭਾਰਤ ਵਿੱਚ ਐਮਰਜੰਸੀ ਲਗਾ ਦਿੱਤੀ ਗਈ। ਬੇਸ਼ੱਕ ਭਾਰਤ ਵਿੱਚ ਕਾਂਗਰਸ ਵਿਰੋਧੀ ਪਾਰਟੀਆਂ ਖਾਸ ਕਰਕੇ ਜਨਸੰਘ (ਆਰ.ਐਸ.ਐਸ. ਜਾਂ ਅੱਜ ਦੀ ਬੀ.ਜੇ.ਪੀ.) ਨੇ ਹੋਰ ਪਾਰਟੀਆਂ ਅਤੇ ਦੇਸ਼ ਦੇ ਸਰਕਰਦਾ ਆਗੂਆਂ ਨੂੰ ਨਾਲ ਲੈਕੇ ਇੱਕ ਦੇਸ਼ ਵਿਆਪੀ ਅੰਦੋਲਨ ਅਰੰਭਿਆ। ਪ੍ਰੰਤੂ ਥੋੜੇ ਸਮੇਂ ਵਿੱਚ ਹੀ ਇਹਨਾਂ ਅੰਦੋਲਨਕਾਰੀਆਂ ਦੀ ਜੀਭ ਨਿਕਲ ਆਈ ਸੀ ਅਤੇ ਜਨਸੰਘੀ ਮਾਫੀ ਮੰਗਕੇ ਜੇਲਾਂ ਵਿੱਚੋਂ ਭੱਜਣ ਸੂਰੂ ਹੋ ਗਏ ਸਨ ਤਾਂ ਜੇਲ੍ਹ ਵਿੱਚੋਂ ਚੰਦਰ ਸ਼ੇਖਰ ਅਤੇ ਅਡਵਾਨੀ ਵਾਜਪਾਈ ਵਰਗੇ ਆਗੂਆਂ ਨੇ ਸਿੱਖ ਪੰਥ ਨੂੰ ਸੁਨੇਹਾ ਭੇਜੋ ਕਿ ਇਹ ਜੰਗ ਸਿੱਖਾਂ ਬਿਨਾਂ ਨਹੀਂ ਜਿੱਤੀ ਜਾ ਸਕਦੀ। ਫਿਰ ਜਦੋਂ ਸਿੱਖਾਂ ਨੇ ਮੋਰਚੇ ਵਿੱਚ ਕੁੱਦਣ ਦਾ ਐਲਾਨ ਕੀਤਾ ਤਾਂ ਇੰਦਰਾ ਨੇ ਗਵਰਨਰ ਪੰਜਾਬ ਰਾਹੀਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਸਮੇਤ ਕੁਝ ਆਗੂਆਂ ਨਾਲ ਸੰਪਰਕ ਕੀਤਾ ਕਿ ਤੁਸੀਂ ਮੋਰਚੇ ਵਿੱਚ ਨਾ ਸ਼ਾਮਲ ਹੋਵੋ। ਮੈਂ ਤੁਹਾਡੀਆਂ ਕੁਝ ਮੰਗਾਂ ਮੰਨਣ ਨੂੰ ਤਿਆਰ ਹਾਂ। ਪ੍ਰੰਤੂ ਸਿੱਖ ਪੰਥ ਨੇ ਖਾਲਸਾਈ ਰਵਾਇਤਾਂ ਅਨੁਸਾਰ ਬਾਕੀ ਭਾਰਤੀਆਂ ਦੀ ਕਿਸਮਤ ਦਾ ਸੌਦਾ ਕਰਕੇ ਪੰਜਾਬ ਜਾਂ ਪੰਥ ਵਾਸਤੇ ਕੁਝ ਖੈਰਾਤ ਲੈਣ ਤੋਂ ਇੰਨਕਾਰ ਕਰ ਦਿੱਤਾ ਅਤੇ ਮੋਰਚੇ ਵਿੱਚ ਕੁੱਦ ਪਏ। ਜਿਸ ਕਰਕੇ ਇੰਦਰਾ ਦੀ ਐਮਰਜੰਸੀ ਦੇ ਪਰਖਚੇ ਉੱਡ ਗਏ ਅਤੇ ਇੰਦਰਾ ਦਾ ਰਾਜ ਵੀ ਗਿਆ ਅਤੇ ਜੇਲ੍ਹ ਯਾਤਰਾ ਵੀ ਕਰਨੀ ਪੈ ਗਈ। ਉਸ ਦਿਨ ਤੋਂ ਇੰਦਰਾ ਨੇ ਆਪਣੇ ਮਨ ਵਿੱਚ ਸਿੱਖਾਂ ਪ੍ਰਤੀ ਗੰਢ ਬੰਨ੍ਹ ਲਈ ਕਿ ਜੇ ਸਿੱਖ ਚੜ੍ਹਦੀਕਲਾ ਵਿੱਚ ਰਹੇ ਤਾਂ ਭਾਰਤ ਵਿੱਚ ਕੋਈ ਧੱਕੇਸ਼ਾਹੀ ਨਹੀਂ ਹੋ ਸਕੇਗੀ ? ਇਸ ਕਰਕੇ ਹੀ ਇੰਦਰਾ ਨੇ ਸਿੱਖਾਂ ਨਾਲ ਨਿੱਜੀ ਦੁਸ਼ਮਣੀ ਪਾਲ ਲਈ। ਬੇਸ਼ਕ ਸਿੱਖ ਪੰਥ ਕਿਸੇ ਨਾਲ ਕਦੇ ਨਿੱਜੀ ਰੰਜ਼ਿਸ਼ ਨਹੀਂ ਰੱਖਦਾ। ਨਾ ਹੀ ਸਿੱਖਾਂ ਨੂੰ ਕਿਸੇ ਦੇ ਰਾਜ ਉੱਤੇ ਇਤਰਾਜ਼ ਹੈ ਕਿਉਂਕਿ ਇਸ ਦੇ ਪ੍ਰਮਾਣ ਹਨ ਕਿ ਦਿੱਲੀ ਉੱਤੇ ਵਾਰ ਵਾਰ ਕਬਜ਼ਾ ਕਰਕੇ ਵੀ ਰਾਜ ਉੱਤੇ ਕਬਜ਼ਾ ਨਹੀਂ ਕੀਤਾ।ਹਾਕਮਾਂ ਨੂੰ ਸਮਝਾਕੇ ਫਿਰ ਰਾਜ ਉਹਨਾਂ ਨੂੰ ਹੀ ਦਿੱਤਾ । ਭਾਰਤ ਪਾਕਿ ਦੀ ਵੰਡ ਵੇਲੇ ਭਾਰਤੀ ਆਗੂਆਂ ਉੱਤੇ ਭਰੋਸਾ ਕੀਤਾ।ਪ੍ਰੰਤੂ ਭਾਰਤੀ ਆਗੂਆਂ ਨੇ ਕਦੇ ਵੀ ਸਿੱਖਾਂ ਨਾਲ ਵਫਾਦਾਰੀ ਨਹੀਂ ਨਿਭਾਈ। ਇਸ ਲਈ ਦੂਜਿਆਂ ਆਗੂਆਂ ਦੀ ਤਰਜ਼ ਉੱਤੇ ਨਹਿਰੂ ਖਾਨਦਾਨ ਅਤੇ ਇੰਦਰਾ ਨੇ ਵੀ ਜ਼ਖਮੀ ਸੱਪ ਦੀ ਤਰ੍ਹਾਂ ਸਿੱਖ ਪੰਥ ਅਤੇ ਪੰਜਾਬ ਨੂੰ ਸਮੇਂ ਸਮੇਂ ਜ਼ਹਿਰੀਲੇ ਢੰਗ ਮਾਰੇ ਜਿਵੇਂ ਕਿ ਪੰਜਾਬ ਨੂੰ ਲੰਗੜਾ ਪੰਜਾਬੀ ਸੂਬਾ ਬਣਾਉਣਾ, ਰਾਜਧਾਨੀ ਤੋਂ ਵਾਂਝਿਆ ਕਰਨਾ,ਪੰਜਾਬ ਦਾ ਪਾਣੀ ਖੋਹਣਾ ਆਦਿਕ ਦੇ ਨਾਲ ਨਾਲ ਸਿੱਖਾਂ ਦੇ ਧਰਮ ਵਿੱਚ ਦਖਲ ਦੇਣ ਵਾਸਤੇ ਨਿਰੰਕਾਰੀਆਂ ਜਾਂ ਹੋਰ ਡੇਰੇਦਾਰਾਂ ਨੂੰ ਸ਼ਹਿ ਦੇਣੀ ਅਤੇ ਇਸ ਹੱਦ ਤੱਕ ਕਿ 1978 ਦੀ ਵੈਸਾਖੀ ਨੂੰ ਅਮ੍ਰਿਤਸਰ ਸਾਹਿਬ ਵਿਖੇ ਖੂਨਖਰਾਬਾ ਕਰਵਾਕੇ ਨਿਹੱਥੇ 13 ਸਿੰਘ ਸ਼ਹੀਦ ਕਰਵਾ ਦਿੱਤੇ ਅਤੇ ਫਿਰ ਕੇਸ ਅਮ੍ਰਿਤਸਰ ਸਾਹਿਬ ਤੋਂ ਕਰਨਾਲ ਬਦਲਕੇ ਜੱਜ ਉੱਤੇ ਦਬਾਅ ਪਾਕੇ ਨਿਰਿੰਕਾਰੀਆਂ ਨੂੰ ਬਰੀ ਵੀ ਕਰਵਾ ਦਿੱਤਾ। ਪ੍ਰੰਤੂ ਪੰਥ ਨੂੰ ਵੀ ਗੁਰੂ ਨਾਨਕ ਸਾਹਿਬ ਨੇ ਸੱਚ ਵਾਸਤੇ ਸੰਘਰਸ਼ ਕਰਨ ਅਤੇ ਗੁਰੂ ਅਰਜਨ ਸਾਹਿਬ ਨੇ ਸ਼ਾਂਤਮਈ ਸ਼ਹਾਦਤਾਂ ਦੇਣ ਅਤੇ ਗੁਰੂ ਤੇਗਬਹਾਦਰ ਸਾਹਿਬ ਨੇ ਕਿਸੇ ਦੇ ☞


ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਕਰਾਨਾ ਕਰਨ ਹਿਤ

ਗੁਰਦਵਾਰਾ ਗੁਰਸਾਗਰ ਮਸਤੂਆਣਾ ਸਾਹਿਬ, ਸਰੀ

ਵਿਖੇ ਭੰਧੇਰ ਪਰਿਵਾਰ ਵਲੋਂ

ਵਿਸ਼ੇਸ਼ ਸਮਾਗਮ ਅਤੇ ਗੁਰੂ ਕੇ ਲੰਗਰ

ਸਮਾਂ
5 ਨਵੰਬਰ 2023
ਦਿਨ ਐਤਵਾਰ
ਸਵੇਰੇ 9.30 ਤੋਂ 12.00 ਤੱਕ

ਅਸੀਂ ਆਪ ਜੀ ਨੂੰ ਪਰਿਵਾਰ ਸਮੇਤ ਸਮੇਂ ਸਿਰ ਪਹੁੰਚਣ ਲਈ ਬੇਨਤੀ ਕਰਦੇ ਹਾਂ।

ਬੇਨਤੀ ਕਰਤਾ
ਭਾਈ ਮਹਿੰਦਰ ਸਿੰਘ ਮਹਿਸਮਪੁਰ ਅਤੇ ਪਰਿਵਾਰ

11267-125A STREET SURREY, BC CANADA
Contact no: 604-413-7171, 778-713-5121



FARM MORTGAGE SPECIALIST

Please Call:

SARBJIT DUBB, AMP
Mortgage Consultant
604-780-4497
Verico A.K. Mortgage Plus Inc.

AK Mortgage Plus
Professional Mortgage Consultants

A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca

5 YEAR FIXED
5.29 %*
QUICK & EASY APPROVALS



*Rates are subject to change. O.A.C. Some Conditions Apply. VERICO A.K. MORTGAGE PLUS INC

# 3500 ਕਰੋੜ ਦੀ ਜਾਇਦਾਦ ਦੇ ਮਾਲਕ ਅਮਿਤਾਭ ਬਚਨ



ਮੁੰਬਈ:- ਅਮਿਤਾਭ ਬੱਚਨ 81 ਸਾਲ ਦੇ ਹੋ ਗਏ ਹਨ।ਅਮਿਤਾਭ ਬੱਚਨ ਦੀ ਕੁੱਲ ਜਾਇਦਾਦ 3500 ਕਰੋੜ ਹੈ। 80 ਦੀ ਉਮਰ ਵਿਚ ਅਮਿਤਾਭ ਬੱਚਨ 4 ਬੰਗਲੇ ਤੇ ਕਰੋੜਾਂ ਦੀਆਂ ਲਗਜ਼ਰੀ ਗੱਡੀਆਂ ਦੇ ਮਾਲਕ ਹਨ। ਖ਼ਬਰਾਂ ਮੁਤਾਬਕ ਸਾਲ ਦੀ 60 ਕਰੋੜ ਦੇ ਕਰੀਬ ਕਮਾਈ ਕਰਦੇ ਹਨ। 2021 ਵਿਚ ਅਮਿਤਾਭ ਨੇ ਜੁਹੂ ਵਿਚ 31 ਕਰੋੜ ਦਾ ਇਕ ਬੰਗਲਾ ਖਰੀਦਿਆਂ ਸੀ। ਰਿਪੋਰਟ ਮੁਤਾਬਕ, ਜਲਸਾ ਬੰਗਲੇ ਦੀ ਕੀਮਤ 120 ਕਰੋੜ ਤੋਂ 160 ਕਰੋੜ ਦੇ ਕਰੀਬ ਹੈ।ਆਪਣੇ ਸ਼ੁਰੂਆਤੀ ਦੌਰ ਵਿਚ ਅਮਿਤਾਭ ਬੱਚਨ ਜਿੱਥੇ ਵੀ ਕੰਮ ਮੰਗਣ ਜਾਂਦੇ ਸੀ ਉਨ੍ਹਾਂ ਨੂੰ ਜਵਾਬ ਨਾਂ ਵਿਚ ਹੀ ਮਿਲਦਾ ਸੀ। ਇੱਕ ਵਾਰ ਅਮਿਤਾਭ ਆਲ ਇੰਡੀਆ ਰੇਡੀਓ ਵਿਚ ਇੰਟਰਵਿਊ ਦੇਣ ਗਏ ਤਾਂ ਉਨ੍ਹਾਂ ਨੂੰ ਇਹ ਕਹਿ ਕੇ ਰਿਜੈਕਟ ਕਰ ਦਿੱਤਾ ਗਿਆ ਕਿ ਉਨ੍ਹਾਂ ਦੀ ਆਵਾਜ਼ ਬਹੁਤ ਭਾਰੀ ਹੈ। ਅੱਜ ਬਿੱਗ ਬੀ ਦੀ ਇਹੀ ਆਵਾਜ਼ ਉਨ੍ਹਾਂ ਦੀ ਸ਼ਖਸੀਅਤ ਦੀ ਜਾਨ ਹੈ। ਅਮਿਤਾਭ ਬੱਚਨ ਨੇ ਬਾਲੀਵੁੱਡ ਤੇ 70-80 ਦੇ ਦਹਾਕਿਆਂ ਤੇ ਪੂਰਾ ਰਾਜ ਕੀਤਾ। ਉਹ ਉਸ ਸਮੇਂ ਦੇ ਸੁਪਰਸਟਾਰ ਬਣ ਗਏ ਸਨ। ਉਨ੍ਹਾਂ ਦੀ ਸਟਾਰਡਮ ਦੇ ਸਾਹਮਣੇ ਰਾਜੇਸ਼ ਖੰਨਾ ਵੀ ਫਿੱਕੇ ਪੈ ਗਏ ਸੀ ਪਰ 90 ਦੇ ਦਹਾਕਿਆਂ ‘ਚ ਇੱਕ ਅਜਿਹਾ ਵੀ ਦੌਰ ਆਇਆ ਜਦੋਂ ਬਿੱਗ ਬੀ ਨੂੰ ਬਹੁਤ ਬੁਰੇ ਦੌਰ ਵਿਚੋਂ ਲੰਘਣਾ ਪਿਆ। 90 ਦੇ ਦਹਾਕੇ ‘ਚ ਉਨ੍ਹਾਂ ਦੀਆਂ ਕਈ ਫ਼ਿਲਮਾਂ ਫ਼ਲਾਪ ਹੋਈਆਂ। ਉਨ੍ਹਾਂ ਦੀ ਆਪਣੀ ਫ਼ਿਲਮ ਕੰਪਨੀ ਏ. ਬੀ. ਸੀ. ਐੱਲ. ਪੂਰੀ ਤਰ੍ਹਾਂ ਡੁੱਬ ਗਈ। ਅਮਿਤਾਭ ਬੱਚਨ ਬੈਂਕ ਵੱਲੋਂ ਵੀ ਡਿਫ਼ਾਲਟਰ ਐਲਾਨੇ ਗਏ। ਉਹ ਸਮਾਂ ਅਮਿਤਾਭ ਨੇ ਆਤਮ ਮੰਥਨ ਕੀਤਾ। ਉਨ੍ਹਾਂ ਨੇ ਹਿੰਮਤ ਨਹੀਂ ਹਾਰੀ ਤੇ ਉਹ ਆਪਣੇ ਦੋਸਤ ਫ਼ਿਲਮ ਮੇਕਰ ਯਸ਼ ਚੋਪੜਾ ਦੇ ਘਰ ਗਏ ਅਤੇ ਉਨ੍ਹਾਂ ਨੂੰ ਕਿਹਾ, “ਮੈਨੂੰ ਕੰਮ ਚਾਹੀਦਾ ਹੈ।“ ਯਸ਼ ਚੋਪੜਾ ਨੇ ਉਨ੍ਹਾਂ ਨੂੰ ਫ਼ਿਲਮ ‘ਮੁਹੱਬਤੇਂ’ ਆਫ਼ਰ ਕੀਤੀ। ਇਸ ਫ਼ਿਲਮ ‘ਚ ਅਮਿਤਾਭ ਸ਼ਾਹਰੁਖ ਖ਼ਾਨ ਨਾਲ ਨਜ਼ਰ ਆਏ। ਇਸ ਫ਼ਿਲਮ ਨੂੰ ਬਿੱਗ ਦੀ ਕੰਮ ਬੈਕ ਫ਼ਿਲਮ ਮੰਨਿਆ ਜਾਂਦਾ ਹੈ।ਅਮਿਤਾਭ ਬੱਚਨ ਆਪਣੇ ਦਮ ਤੇ ਅੱਜ 3500 ਕਰੋੜ ਦੀ ਜਾਇਦਾਦ ਦੇ ਮਾਲਕ ਹਨ। ਅਮਿਤਾਭ ਦੀ ਪਹਿਲੀ ਤਨਖਾਹ 500 ਰੁਪਏ ਸੀ। ਅੱਜ ਉਹ ਇਕ ਦਿਨ ਵਿੱਚ 5 ਕਰੋੜ ਕਮਾਉਂਦੇ ਹਨ। ਜੀ ਹਾਂ ਬਿੱਗ ਬੀ ਦੀ ਇੱਕ ਦਿਨ ਦੀ ਕਮਾਈ 5 ਕਰੋੜ ਤੋਂ ਵੀ ਜ਼ਿਆਦਾ ਹੈ। ਅਮਿਤਾਭ ਬੱਚਨ ਦੀ ਸਲਾਨਾ ਕਮਾਈ 60 ਕਰੋੜ ਦੱਸੀ ਜਾਂਦੀ ਹੈ। ਇੱਕ ਰਿਪੋਰਟ ਮੁਤਾਬਕ 2022 ਵਿੱਚ ਬਿੱਗ ਬੀ ਦੀ ਕੁੱਲ ਜਾਇਦਾਦ 410 ਮਿਲੀਅਨ ਅਮਰੀਕੀ ਡਾਲਰ ਯਾਨਿ 3500 ਕਰੋੜ ਰੁਪਏ ਹੈ।ਬਿੱਗ ਬੀ ਦੀ ਆਮਦਨ ਦਾ ਸਰੋਤ ਟੀਵੀ, ਫ਼ਿਲਮਾਂ ਤੇ ਇਸ਼ਤਿਹਾਰ ਦੇ ਨਾਲ ਨਾਲ ਸੋਸ਼ਲ ਮੀਡੀਆ ਵੀ ਹੈ।ਅਮਿਤਾਭ ਬੱਚਨ ਦੇ ਕਾਰ ਕਲੈਕਸ਼ਨ ਦੀ ਗੱਲ ਕੀਤੀ ਜਾਏ ਤਾਂ ਉਨ੍ਹਾਂ ਕੋਲ ਰੇਂਜ ਰੋਵਰ, ਰੋਲਜ਼ ਰਾਇਸ ਤੇ ਮਿੰਨੀ ਕੂਪਰ ਵਰਗੀਆਂ ਕਾਰਾਂ ਹਨ। ਅਮਿਤਾਭ ਬੱਚਨ ਦੀ ਸਭ ਤੋਂ ਮਹਿੰਗੀ ਕਾਰ ਰੋਲਜ਼ ਰਾਇਸ ਹੈ ਜਿਸ ਦੀ ਕੀਮਤ 6 ਕਰੋੜ ਰੁਪਏ ਹੈ।

---

☞ ਧਰਮ ਜਾਂ ਅਧਿਕਾਰਾਂ ਨੂੰ ਬਚਾਉਣ ਵਾਸਤੇ ਆਪਾ ਵਾਰਨ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਸਿਧਾਂਤਾਂ ਅਤੇ ਅਣਖਾਂ ਵਾਸਤੇ ਸਰਬੰਸ ਕੁਰਬਾਨ ਕਰ ਦੇਣ ਦੀ ਗੁੜਤੀ ਦਿੱਤੀ ਹੋਈ ਹੈ।ਜਿਸ ਨੂੰ ਅੱਗੋਂ ਸਿੱਖ ਨਿਭਾਉਂਦੇ ਆ ਰਹੇ ਹਨ। ਸਿੱਖ ਪੰਥ ਨੇ ਵੀ ਸਮੁਚੇ ਭਾਰਤ ਨੂੰ ਕੇਂਦਰ ਦੇ ਵਿਤਕਰਿਆਂ ਅਤੇ ਜ਼ਬਰ ਤੋਂ ਸਦਾ ਵਾਸਤੇ ਨਿਜ਼ਾਤ ਦਿਵਾਉਣ ਲਈ, ਅਨੰਦਪੁਰ ਦੇ ਮਤੇ ਰਾਹੀਂ ਸਮੁੱਚੇ ਸੂਬਿਆਂ ਨੂੰ ਵੱਧ ਅਧਿਕਾਰ ਦਿਵਾਉਣ ਵਾਸਤੇ, ਧਰਮਯੁੱਧ ਮੋਰਚਾ ਆਰੰਭ ਕੀਤਾ। ਪ੍ਰੰਤੂ ਇੰਦਰਾ ਗਾਂਧੀ ਨੇ ਆਪਣੇ ਰਾਜ ਦੇ ਤਪ ਤੇਜ਼ ਨਾਲ ਮੋਰਚੇ ਨੂੰ ਬਦਨਾਮ ਵੀ ਕੀਤਾ ਅਤੇ ਸਿੱਖਾਂ ਨੂੰ ਅੱਤਵਾਦੀ, ਵਖਵਾਦੀ, ਦੇਸ਼ ਧ੍ਰੋਹੀ ਆਖਕੇ, ਭੰਡਿਆ। ਪ੍ਰੰਤੂ ਪੰਥ ਦੀ ਚੜ੍ਹਦੀਕਲਾ ਵਿੱਚ ਕੋਈ ਫਰਕ ਨਾ ਆਇਆ। ਇਸ ਤੋਂ ਖਿਝਦਿਆਂ ਇੰਦਰਾ ਨੇ ਇੱਕ ਮਾਰੂ ਕਦਮ ਚੁੱਕਿਆ।ਜਿਸ ਵਿੱਚ ਰੂਸ, ਇੰਗਲੈਂਡ, ਇਜ਼ਰਾਈਲ ਦੀ ਸਲਾਹ ਦੇ ਨਾਲ ਨਾਲ ਭਾਰਤ ਦੀਆਂ ਕੱਟੜਵਾਦੀ ਹਿੰਦੂ ਜਥੇਬੰਦੀਆਂ ਅਤੇ ਕੁਝ ਵਿਸ਼ੇਸ਼ ਆਗੂਆਂ ਅਟਲ ਬਿਹਾਰੀ ਵਾਜਪਾਈ ਅਤੇ ਲਾਲ ਕ੍ਰਿਸ਼ਨ ਅਡਵਾਨੀ ਵਰਗਿਆਂ ਨਾਲ ਵੀ ਮਸ਼ਵਰਾ ਕਰਕੇ, ਜੂਨ 1984 ਵਿੱਚ ਦਰਬਾਰ ਸਾਹਿਬ ਉੱਤੇ ਫੌਜੀ ਹਮਲਾ ਕਰ ਦਿੱਤਾ। ਦਰਬਾਰ ਸਾਹਿਬ ਤੋਂ ਇਲਾਵਾ 38 ਹੋਰ ਗੁਰਦੁਆਰਿਆਂ ਉੱਤੇ ਫੌਜੀ ਕਾਰਵਾਈ ਹੋਈ। ਪੰਜਾਬ ਕਈ ਦਿਨ ਬਰੂਦ ਦੀ ਅੱਗ ਵਿੱਚ ਬਲਿਆ। ਹਜ਼ਾਰਾਂ ਬੇਗੁਨਾਹ ਸਿੱਖ, ਬੀਬੀਆਂ, ਬੱਚੇ ਜੋ ਕਿ ਸ਼ਰਧਾਲੂ ਸਨ,ਇਸ ਫੌਜੀ ਹਮਲੇ ਵਿੱਚ ਬੇਰਹਿਮੀ ਨਾਲ ਸ਼ਹੀਦ ਕਰ ਦਿੱਤੇ ਗਏ। ਅਕਾਲ ਤਖਤ ਸਾਹਿਬ ਢਹਿ ਢੇਰੀ ਹੋ ਗਿਆ। ਜਦੋਂ ਇੰਦਰਾ ਨੇ ਫੌਜ਼ੀ ਹਮਲੇ ਤੋਂ ਬਾਅਦ ਦਰਬਾਰ ਸਾਹਿਬ ਦਾ ਹੰਕਾਰੀ ਦੌਰਾ ਕੀਤਾ ਤਾਂ ਉਸ ਵੇਲੇ ਸ.ਬੇਅੰਤ ਸਿੰਘ ਵੀ ਨਾਲ ਸੀ। ਸ.ਬੇਅੰਤ ਸਿੰਘ ਨੇ ਨੌਕਰੀ ਵਿੱਚ ਆਉਣ ਵੇਲੇ ਜਿਸ ਇਸ਼ਟ ਦੀ ਸਹੁੰ ਚੁੱਕਕੇ ਵਫ਼ਾਦਾਰੀ ਨਿਭਾਉਣ ਦਾ ਅਹਿਦ ਕੀਤਾ ਸੀ,ਜਦੋਂ ਉਸ ਨੇ ਉਸ ਇਸ਼ਟ ਦੀ ਬਰਬਾਦੀ ਅੱਖੀਂ ਵੇਖੀ ਤਾਂ “ਜਬੈ ਬਾਣ ਲਾਗਿਓ ਤਬੈ ਰੋਸ ਜਾਗਿਓ ਉਸ ਦੇ ਅੰਦਰੋਂ ਇੱਕ ਆਵਾਜ਼ ਆਈ ਕਿ “ਚੁੰਕਾਰ ਅਜ ਹਮਾਂ ਹੀਲਤੇ ਦਰਗੁਜ਼ਸ਼ਤ ਹਲਾਤ ਅਸਤੁ ਬੁਰਦਨ ਬ ਸ਼ਮਸ਼ੀਰ ਦਸਤ” ਦਾ ਸਿਧਾਂਤ ਸਾਹਮਣੇ ਆ ਗਿਆ।ਜਿਸ ਦੀ ਰਾਖੀ ਵਾਸਤੇ ਦਿਨ ਰਾਤ ਤਤਪਰ ਸਨ। ਜਦੋਂ ਉਸਦੇ ਸਰੀਰ ਅੰਦਰ ਮੱਸੇ ਰੰਘੜ ਜਾਂ ਜ਼ਕਰੀਆਂ ਖਾਨ ਵਰਗਿਆਂ ਦੀ ਰੂਹ ਵੇਖੀ ਤਾਂ ਫਿਰ ਸ.ਬੇਅੰਤ ਸਿੰਘ ਅਤੇ ਸ. ਸਤਵੰਤ ਸਿੰਘ ਦੇ ਅੰਦਰਲਾ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਵੀ ਜਾਗ ਪਿਆ। ਫਿਰ ਅਵਸਥਾ ਆਈ “ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ ॥੭੧॥ (ਪੰਨਾ ੧੩੬੮)” ਤਾਂ 31 ਅਕਤੂਬਰ 1984 ਨੂੰ ਸਵੇਰੇ ਹੀ ਕੌਮੀਂ ਪਰਵਾਨੇ ਅਤੇ ਗੁਰੂ ਦੇ ਸੱਚੇ ਸਿੱਖ ਭਾਈ ਬੇਅੰਤ ਸਿੰਘ ਅਤੇ ਭਾਈ ਸਤਵੰਤ ਸਿੰਘ ਨੇ ਪਾਪਣ ਇੰਦਰਾ ਨੂੰ ਉਸ ਦੇ ਪਾਪਾਂ ਦੀ ਸਜ਼ਾ ਦੇਣ ਵਾਸਤੇ ਅਣਗਿਣਤ ਗੋਲੀਆਂ ਮਾਰਕੇ ਛਾਨਣੀ ਕਰ ਦਿੱਤਾ। ਇਸ ਸਮੇਂ ਭਾਈ ਬੇਅੰਤ ਸਿੰਘ ਵੀ ਸ਼ਹਾਦਤ ਦਾ ਜਾਮ ਪੀ ਗਏ ਅਤੇ ਭਾਈ ਸਤਵੰਤ ਸਿੰਘ ਗੰਭੀਰ ਜ਼ਖਮੀਂ ਹੋ ਗਏ। ਇੰਦਰਾ ਗਾਂਧੀ ਦਾ ਹੰਕਾਰ ਹੀ ਉਸ ਦੀ ਬਰਬਾਦੀ ਦਾ ਕਾਰਨ ਬਣਿਆ ਅਤੇ 31 ਅਕਤੂਬਰ ਨੂੰ ਚੱਲੀਆਂ ਗੋਲੀਆਂ ਇਤਿਹਾਸ ਸਿਰਜ ਗਈਆਂ। ਇਸ ਵਾਸਤੇ ਉਸ ਮਹਾਨ ਸ਼ਹੀਦ ਭਾਈ ਬੇਅੰਤ ਸਿੰਘ ਨੂੰ ਉਹਨਾਂ ਦੀ ਸ਼ਹਾਦਤ ਅਤੇ ਕੀਤੇ ਨੇਕ ਕਾਰਜ ਬਦਲੇ ਪੂਰੀ ਕੌਮ ਸਿਰ ਝੁਕਾਕੇ ਸਿਜਦਾ ਕਰਦੀ ਹੈ ਕਿਉਂਕਿ ਇਤਿਹਾਸ ਰਹਿੰਦੀ ਦੁਨੀਆਂ ਤੱਕ ਗਵਾਹੀ ਭਰਦਾ ਰਹੇਗਾ ਕਿ “ ਜਦੋਂ ਸਿੰਘਾਂ ਨੇ ਕੀਤਾ ਜੁਲਮ ਦਾ ਅੰਤ” !ਗੁਰ ਰਾਖਾ।


Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS

#109-12830-80Ave, Surrey, BC V3W 3A8 (York Centre)



ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ



ਫੈਮਲੀ ਲਾਅ
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

ਇਮੀਗ੍ਰੇਸ਼ਨ ਲਾਅ
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ਼੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ਼੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

ਇੰਪਲਾਇਮੈਂਟ ਲਾਅ
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ ’ਤੇ ਲੱਗੀ ਸੱਟ
- ਕੰਮ ਦੇ ਸਥਾਨ ’ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ ’ਤੇ ਸਮਾਗਮਾਂ ਦੇ ਕਲੇਮ

ਕਾਰਪੋਰੇਟ ਅਤੇ ਬਿਜ਼ਨਸ ਲਾਅ
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

ਨੋਟਰੀ ਸੇਵਾਵਾਂ
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

ਸਾਡੀ ਚੋਣ ਕਰਨ ਦੇ ਫਾਇਦੇ
- ਘੱਟ ਕੀਮਤ ’ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

ਚਰਨਜੀਤ ਕੌਰ ਰੈਨਾ
ਵਕੀਲ ਅਤੇ ਨੋਟਰੀ ਪਬਲਿਕ

778 835 8455
#201-13049 76th Avenue, Surrey BC V3W2V7
www.rainalaw.com Email : craina@rainalaw.com

# ਇੰਡੋ ਕਨੇਡੀਅਨ ਸੀਨੀਅਰ ਸੈਂਟਰ ਦਾ ਰਵਾਇਤੀ ਮਹੀਨਾਵਾਰ ਕਵੀ ਦਰਬਾਰ ਹੋਇਆ



ਸਰੀ (ਹਰਚੰਦ ਸਿੰਘ ਅੱਚਰਵਾਲ) ਇੰਡੋ ਕਨੇਡੀਅਨ ਸੀਨੀਅਰ ਸੈਂਟਰ ਸਰ੍ਹੀ-ਡੈਲਟਾ ਦਾ ਮਹੀਨਾਵਾਰ ਕਵੀ ਦਰਬਾਰ 29 ਅਕਤੂਬਰ, 2023 ਦਿਨ ਐਤਵਾਰ ਨੂੰ ਓਪਰਲੇ ਹਾਲ ਵਿੱਚ ਠੀਕ 1.00 ਵਜੇ ਪ੍ਰਧਾਨ ਸ: ਹਰਪਾਲ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਪੂਰੀ ਧੂਮ-ਧਾਮ ਨਾਲ ਸ਼ੁਰੂ ਹੋਇਆ । ਜਿੰਨ੍ਹਾ ਕਵੀ ਸੱਜਨਾ ਅਤੇ ਬੁਲਾਰਿਆਂ ਨੇ ਭਾਗ ਲਿਆ, ਓਹਨਾ ਵਿੱਚ ਸ: ਦਰਸ਼ਨ ਸਿੰਘ ਅਟਵਾਲ, ਗੁਰਮੀਤ ਸਿੰਘ ਕਾਲਕਟ, ਗੁਰਮੀਤ ਸਿੰਘ ਸੇਖੋ ਰਣਜੀਤ ਸਿੰਘ ਨਿੱਝਰ, ਹਰਚੰਦ ਸਿੰਘ ਗਿੱਲ, ਗੁਰਦਰਸ਼ਨ ਸਿੰਘ ਤਤਲਾ, ਗੁਰਚਰਨ ਸਿੰਘ ਸੇਖੋ ਬੋੜਹਾਈ, ਜਗਜੀਤ ਸਿੰਘ ਸੇਖੋ, ਅਮਰੀਕ ਸਿੰਘ ਲੇਹਲ, ਗੁਰਚਰਨ ਸਿੰਘ ਬਰਾੜ, ਸਵਰਨ ਸਿੰਘ ਚਾਹਲ, ਮਾਸਟਰ ਮਲਕੀਤ ਸਿੰਘ ਗਿੱਲ, ਸੁਰਜੀਤ ਸਿੰਘ ਗਿੱਲ, ਜਸਵੀਰ ਸਿੰਘ ਭਲੂਰੀਆ, ਗੁਰਦਿਆਲ ਸਿੰਘ ਜੋਹਲ ਆਦਿ ਕਵੀਆਂ ਨੇ ਖੂਬ ਰੰਗ ਬੰਨ੍ਹੇ। ਸਟੇਜ ਸਕੱਤਰ ਦੀ ਜਿੰਮੇਵਾਰੀ ਸ: ਹਰਚੰਦ ਸਿੰਘ ਗਿੱਲ ਨੇ ਨਿਭਾਈ। ਅੰਤ ਵਿਚੱ ਪ੍ਰਧਾਨ ਸ: ਹਰਪਾਲ ਸਿੰਘ ਬਰਾੜ ਨੇ ਸਾਰਿਆਂ ਦਾ ਧੰਨਵਾਦ ਕੀਤਾ। ਚਾਹ ਪਾਣੀ ਦੀ ਸੇਵਾ ਸ: ਬਲਦੇਵ ਸਿੰਘ ਜ਼ੀਰਾ, ਸ: ਹਰਬੰਸ ਸਿੰਘ ਹੈਡਮਾਸਟਰ ਅਤੇ ਹਰਚੰਦ ਸਿੰਘ ਮਾਹਲਾ ਪਰੀਵਾਰ ਵੱਲੋ ਕੀਤੀ ਗਈ ।ਸ: ਲਖਵੀਂਦਰ ਸਿੰਘ ਸੰਘਾ ਵੱਲੋ $400 ਦੀ ਡੋਨੇਸ਼ਨ ਇਸ ਸੀਨੀਅਰ ਸੈਂਟਰ ਨੂੰ ਦਿਤੀ ਗਈ। ਅਗਲੇ ਮਹੀਨੇ ਦੇ ਆਖਰੀ ਐਤਵਾਰ ਨੂੰ ਫਿਰ ਇਕਠੇ ਹੋਣ ਦੀਆਂ ਰੀਝਾਂ ਦਿਲ ਵਿੱਚ ਲੈ ਕੇ ਸਭ ਘਰਾਂ ਨੂੰ ਵਿਦਾ ਹੋਏ।

# ਨੌਜਵਾਨਾਂ ਨੂੰ ਨਸ਼ਿਆਂ ਨਾਲ ਅੰਨ੍ਹਾ ਕਰ ਰਹੀ ਹੈ ਮੋਦੀ ਸਰਕਾਰ:ਕਨ੍ਹਈਆ ਕੁਮਾਰ

ਮੁੰਬਈ- ਕਾਂਗਰਸ ਆਗੂ ਕਨ੍ਹਈਆ ਕੁਮਾਰ ਨੇ ਕਿਹਾ ਹੈ ਕਿ ਭਾਜਪਾ ਦੀ ਅਗਵਾਈ ਵਾਲੀ ਭਾਰਤ ਸਰਕਾਰ ਭਾਰਤ ਵਿੱਚ ਨੌਜਵਾਨਾਂ ਨੂੰ ਅੰਨ੍ਹਾ ਕਰਨ ਲਈ ਨਸ਼ਿਆਂ ਦੀ ਵਰਤੋਂ ਕਰ ਰਹੀ ਹੈ।ਕਨ੍ਹਈਆ ਕੁਮਾਰ ਨੇ ਮੁੰਬਈ ਵਿੱਚ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੀਆਂ ਕਈ ਬੰਦਰਗਾਹਾਂ 'ਤੇ ਨਸ਼ੇ ਫੜੇ ਜਾ ਰਹੇ ਹਨ, ਪਰ ਨੌਜਵਾਨਾਂ ਅਤੇ ਦੇਸ਼ ਲਈ ਗੰਭੀਰ ਸਵਾਲ ਉਨ੍ਹਾਂ ਵੱਡੀਆਂ ਖੇਪਾਂ ਨੂੰ ਲੈ ਕੇ ਹੈ, ਜਿਹੜੀਆਂ ਫੜੀਆਂ ਨਹੀ ਗਈਆਂ ਹਨ।"ਨੌਜਵਾਨਾਂ ਖਰਾਬ ਕਰਨ ਲਈ ਕਈ ਸਾਧਨ ਹਨ ਅਤੇ ਉਨ੍ਹਾਂ ਵਿੱਚੋਂ ਇੱਕ ਨਸ਼ਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ੇ ਦੀ ਲਤ ਵਿੱਚ ਫਸਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਇਸ ਸਥਿਤੀ ਵਿੱਚ ਧੱਕਿਆ ਜਾ ਰਿਹਾ ਹੈ ਤਾਂ ਜੋ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਉਨ੍ਹਾਂ ਦੇ ਸਮਾਜ, ਉਨ੍ਹਾਂ ਦੇ ਅਤੀਤ, ਉਨ੍ਹਾਂ ਦੇ ਭਵਿੱਖ ਅਤੇ ਉਨ੍ਹਾਂ ਦੇ ਪੂਰੇ ਭਾਰਤ ਨਾਲ ਕੀ ਕੀਤਾ ਜਾ ਰਿਹਾ ਹੈ।


UNIVERSAL TENT RENTAL LTD.

PARTY RENTALS
- Chair Rentals
- Tables Rentals
- Audio/Visual
- Linens Rentals
- BBQ'S Rentals
- Portable Bar
- Carpet
- Dance Floor
- Lighting
- Decor & More.






Call today to book your special event
Jaswinder (Jessie) Thandi
Ph: 604.951.2905
Cell: 604.825.8588

Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ

NOW HIRING
Email: info@universaltent.ca
www.universaltent.ca

UNIVERSAL BUILDING MAINTENANCE LTD.
Since 1987




*RESIDENTIAL *COMMERCIAL *INDUSTRIAL

- Pressure Washing
- Carpet Cleaning
- Driveway Washing & Sealing
- Gutter Cleaning
- Floor Cleaning
- Waxing & Sealing
- New House Cleaning

Fast & Quality Service Reasonable Rates

Call Jaswinder (Jessie) Thandi
Cell: 604-377-2641
Bus: 604-951-2909
Website:www.universalbuildingmaintenance.ca
Email:universalbuildingmaintenance01@gmail.com

The Grand Taj

THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

# DREAM BANQUET HALL

Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events



Capacity 350-375 seats

Dream Catering "Your Venue, Our Food"

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ, ਸੈਮੀਨਾਰ, ਫੰਡ ਰੇਜ਼ਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: 604-203-7272

7236 -120St, Surrey, BC Email:info@dreambanquethall.ca

ਕੀ ਤੁਹਾਨੂੰ ਆਪਣੇ ਡਾਕਟਰ ਨਾਲ ਅੰਗਰੇਜ਼ੀ ਵਿੱਚ ਗੱਲ ਬਾਤ ਕਰਨ ਵਿੱਚ ਮੁਸ਼ਕਲ ਆਉਂਦੀ ਹੈ?

ਤੁਹਾਡੇ ਲਈ ਮੁਫ਼ਤ ਮੈਡੀਕਲ ਅਨੁਵਾਦਕ ਉਪਲਬਧ ਹਨ!

**ਅਸੀਂ ਕੌਣ ਹਾਂ ?**

ਵੋਲੈਂਟੀਆ ਹੈਲਥਕੇਅਰ ਟ੍ਰਾਂਸਲੇਸ਼ਨ ਯੂ.ਬੀ.ਸੀ. ਦੀ ਇੱਕ ਸੰਸਥਾ ਹੈ ਜੋ **ਅੰਗਰੇਜ਼ੀ ਦੀ ਘੱਟ ਸਮਝ ਵਾਲੇ ਮਰੀਜ਼ਾਂ ਲਈ ਮੁਫ਼ਤ ਸਿਹਤ ਸੰਭਾਲ ਅਨੁਵਾਦ ਸੇਵਾਵਾਂ** ਪ੍ਰਦਾਨ ਕਰਦੀ ਹੈ।

**ਕਿਸੇ ਵੀ ਸਵਾਲ ਲਈ ਈਮੇਲ ਰਾਹੀਂ ਸੰਪਰਕ ਕਰੋ**

ubcvolentia@gmail.com

THE UNIVERSITY OF BRITISH COLUMBIA

**ਮੁਫ਼ਤ ਅਨੁਵਾਦਕ ਨੂੰ ਬੁੱਕ ਕਰਨ ਲਈ ਹੇਠਾਂ ਦਿੱਤੇ ਕੋਡ ਨੂੰ ਆਪਣੇ ਫੋਨ ਦੇ ਕੈਮਰੇ ਨਾਲ ਸਕੈਨ ਕਰੋ :**

linktr.ee/volentia



THE UNTOLD STORY OF
SHAHEED KARTAR SINGH SARABHA
SARABHA DRIVING SCHOOL
CHILLIWACK DRIVING SCHOOL
AMRIT GREWAL SARABHA
&
SARABHA DRIVING SCHOOL
PRESENTS
ਹਿੰਦ ਵਾਸੀਓ ਰੱਖਣਾ ਯਾਦ ਸਾਨੂੰ
ਕਿਤੇ ਦਿਲੋਂ ਨਾ ਭੁਲਾ ਦੇਣਾ
ਸ਼ਹੀਦ ਕਰਤਾਰ ਸਿੰਘ ਸਰਾਭਾ
ਦੀ ਉਹ ਕਹਾਣੀ ਜੋ ਕਦੀ ਨਹੀਂ ਸੁਣਾਈ ਗਈ
SARABHA
A FILM BY KAVI RAZ
ਸਰਾਭਾ
PRODUCERS: ARVIND SINGLA | KULDEEP SHARMA | VEEPASHA KASHYAP | SARBJIT HUNDAL | ANIL UPPAL | ANIL YADAV | KAVI RAZ
AMRIT GREWAL SARABHA | JATINDER JAY MINHAS. STARRING: JAPTEJ SINGH | MUKUL DEV | KAVI RAZ | KANWAR GREWAL | JASBIR JASSI
PRITHVI RAAJ SINGH SIDHU JASPINDER CHEEMA | MALKEET RAUNI | MAHABIR BHULLAR | MALKIAT MEET | ANKUR RATHEE
SUMEND WANKHANDE | GURPREET RATOL | AMANINDER DHILLON | SAMEER SHARMA | AKAASH YADAV | SHARHAAN SINGH | KABIR GILL
DARREN TASSELL | ALEX REECE | SPECIAL APPEARANCE: JOBANPREET SINGH. EXECUTIVE PRODUCER: SWARAN SINGH
DIRECTOR OF PHOTOGRAPHY (INDIA): INDERJIT BANSEL | (USA): AARON C SMITH
MUA: REGINA SCHIMER | COSTUME DESIGNER: SUNNY BINNING | PRODUCTION DESIGNER: ASHISH KAUSHAL
EDITOR: HARPER GAHUNIA | BACKGROUND SCORE: SHEZAN SHEIKH | MUSIC BY: ONKAR MINHAS | SAAJID SALAAM | DYA SINGH.
FIRST ASSIT. DIRECTOR: VICKEY KADAM | ASSIT. DIRECTOR: MALKIAT MEET | PUBLICITY DESIGNER: MILROY GOES
WRITTEN & DIRECTED BY KAVI RAZ
RELEASING WORLDWIDE IN CINEMAS
3RD NOVEMBER 2023

OZLA

# OZLA FURNITURE

## ALL KINDS OF DESIGNER, MODERN AND CUSTOM FURNITURE



























SOLID MAPLEWOOD BEST PRICES




*CUSTOM BEDROOM SUITES

*BOX BEDS *HEADBOARDS

*DRESSERS *CHESTS

*MIRROR *SIDE TABLES

## MADE IN CANADA

ਅਸੀਂ ਆਪਣੀ ਫੈਕਟਰੀ ਵਿਚ ਆਪਣਾ ਸਾਰਾ ਸਮਾਨ ਵਧੀਆ ਕੁਆਲਿਟੀ ਦਾ ਬਣਾਉਂਦੇ ਹਾਂ।

ਅਸੀਂ ਆਪ ਮੈਨੂਫੈਕਚੁਅਰ ਹਾਂ।ਸਾਡੀ ਫਰਨੀਚਰ ਕੁਆਲਿਟੀ ਨੂੰ ਕੋਈ ਬੀਟ ਨਹੀਂ ਕਰ ਸਕਦਾ।

Business Hours:
Mon-Fri 6am to 2pm
Saturday/Sunday:Closed

# 604-372-2122

Email:info@ozla.ca

#109-18669 52 AVE SURREY, BC

www.ozla.ca

ਦੇਗ ਤੇਗ ਫਤਹਿ

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*3 ਨਵੰਬਰ ਦਿਨ ਸ਼ੁੱਕਰਵਾਰ ਸਵੇਰੇ 9 ਵਜੇ ਗੁਰਮੇਲ ਸਿੰਘ ਬਰਾੜ ਪਰਿਵਾਰ ਵੱਲੋਂ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

*4 ਨਵੰਬਰ ਦਿਨ ਸ਼ਨਿਚਰਵਾਰ ਮੇਨ ਹਾਲ ਵਿਚ ਦੁਪਹਿਰ 2.30 ਵਜੇ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

*5 ਨਵੰਬਰ ਦਿਨ ਐਤਵਾਰ ਪਿੰਡ ਮੋਹੀ ਦੀ ਸੰਗਤ ਵੱਲੋਂ ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ।

## ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਗੁਰਿੰਦਰ ਸਿੰਘ ਜ਼ੀਰਾ ਵਾਲਿਆਂ ਦਾ ਜਥਾ,
ਭਾਈ ਭਗਤਜੀਤ ਸਿੰਘ ਜਲੰਧਰ ਵਾਲਿਆਂ ਦਾ ਜਥਾ
*ਕਥਾ ਵਾਚਕ-ਭਾਈ ਹਰਜੀਤ ਸਿੰਘ ਅਤੇ ਭਾਈ ਬਲਵਿੰਦਰ ਸਿੰਘ

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

## ਗੁਰਦੁਆਰਾ ਸਾਹਿਬ:604-504-5530

ਬਲਵੀਰ ਸਿੰਘ ਬਨਵੈਤ (ਪ੍ਰਧਾਨ) 604-636-4247, ਮਨਜੀਤ ਸਿੰਘ ਗਰੇਵਾਲ (ਜਨਰਲ ਸੈਕਟਰੀ):778-908-1570

ਭਾਈ ਹਰਜੀਤ ਸਿੰਘ (ਹੈੱਡ ਗ੍ਰੰਥੀ)778-201-5310, ਭਾਈ ਬਲਵਿੰਦਰ ਸਿੰਘ (ਗ੍ਰੰਥੀ), ਭਾਈ ਹੁਸ਼ਿਆਰ ਸਿੰਘ (ਗ੍ਰੰਥੀ)

# ਸਤਲੁਜ-ਯਮੁਨਾ ਲਿੰਕ ਨਹਿਰ ਲੀਡਰਸ਼ਿਪ ਵੱਲੋਂ ਪੰਜਾਬ ਨਾਲ .ਗੱਦਾਰੀ ਭਰੀ ਗਾਥਾ:ਮਾਨ

ਲੁਧਿਆਣਾ (ਜੱਸਦੀਪ)ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਾਂਗਰਸ ਲੀਡਰਸ਼ਿਪ ਨੇ ਬੇਝਿਜਕ ਹੋ ਕੇ '80ਵਿਆਂ ਵਿੱਚ ਪੰਜਾਬ ਵਿਧਾਨ ਸਭਾ ਦੇ ਸਦਨ ਵਿੱਚ ਵ੍ਹਾਈਟ ਪੇਪਰ ਲਿਆ ਕੇ ਸਤਲੁਜ-ਯਮੁਨਾ ਲਿੰਕ ਨਹਿਰ ਦੇ ਹੱਕ ਵਿੱਚ ਕਸੀਦੇ ਪੜ੍ਹੇ ਸਨ।'ਮੈਂ ਪੰਜਾਬ ਬੋਲਦਾ ਹਾਂ' ਬਹਿਸ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ, "ਸਤਲੁਜ ਯਮੁਨਾ ਲਿੰਕ ਨਹਿਰ ਪੰਜਾਬ ਦੇ ਸਿਆਸੀ ਆਗੂਆਂ ਵੱਲੋਂ ਆਪਣੇ ਹੀ ਸੂਬੇ ਅਤੇ ਲੋਕਾਂ ਨਾਲ ਕੀਤੇ ਫਰੇਬ, ਗੱਦਾਰੀ ਅਤੇ ਗੁਨਾਹ ਦੀ ਦਰਦ ਭਰੀ ਗਾਥਾ ਹੈ।" ਮੁੱਖ ਮੰਤਰੀ ਨੇ ਅੱਗੇ ਕਿਹਾ ਕਿ 'ਪੰਜਾਬ ਪੁਨਰਗਠਨ ਐਕਟ-1966' ਦੇ ਮੁਤਾਬਕ ਪੰਜਾਬ ਤੇ ਹਰਿਆਣਾ ਦਰਮਿਆਨ ਸਾਰੇ ਅਸਾਸਿਆਂ ਦੀ ਵੰਡ 60:40 ਦੇ ਅਨੁਪਾਤ ਮੁਤਾਬਕ ਹੋਈ ਸੀ ਪਰ ਤਤਕਾਲੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ 24 ਮਾਰਚ, 1976 ਨੂੰ ਨੋਟੀਫਿਕੇਸ਼ਨ ਜਾਰੀ ਕਰਕੇ ਧੱਕੇਸ਼ਾਹੀ ਨਾਲ ਪੰਜਾਬ ਤੇ ਹਰਿਆਣਾ ਦਰਮਿਆਨ ਰਾਵੀ-ਬਿਆਸ ਪਾਣੀਆਂ ਦੀ ਵੰਡ 50:50 ਦੇ ਅਨੁਪਾਤ ਨਾਲ ਕਰ ਦਿੱਤੀ ਜੋ ਸਿੱਧੇ ਤੌਰ ਉਤੇ ਪੰਜਾਬ ਦੇ ਹਿੱਤਾਂ ਦੇ ਖਿਲਾਫ ਸੀ। ਉਨ੍ਹਾਂ ਕਿਹਾ ਕਿ ਉਸ ਮੌਕੇ ਸੂਬੇ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਪੰਜਾਬ ਦੇ ਹਿੱਤਾਂ ਨੂੰ ਅਣਗੌਲਿਆ ਕੀਤਾ ਅਤੇ ਕੇਂਦਰ ਸਰਕਾਰ ਦੀ ਕਠਪੁਤਲੀ ਵਾਂਗ ਭੂਮਿਕਾ ਨਿਭਾਈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇੱਥੇ ਹੀ ਬੱਸ ਨਹੀਂ, ਸਗੋਂ 16 ਨਵੰਬਰ, 1976 ਨੂੰ ਉਨ੍ਹਾਂ ਨੇ ਇਕ ਕਰੋੜ ਰੁਪਏ ਦਾ ਚੈੱਕ ਪ੍ਰਾਪਤ ਕੀਤਾ ਅਤੇ ਐਸ.ਵਾਈ.ਐਲ. ਦੇ ਨਿਰਮਾਣ ਵਿੱਚ ਤੇਜ਼ੀ ਲਿਆਂਦੀ।ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸਾਲ 1977 ਵਿੱਚ ਸੱਤਾ ਸੰਭਾਲਣ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਨੇ ਹਰਿਆਣਾ ਨੂੰ ਐਸ.ਵਾਈ.ਐਲ. ਰਾਹੀਂ ਪਾਣੀ ਦੇਣ ਦੇ ਕੰਮ ਨੂੰ ਇਕ ਵਾਰ ਵੀ ਨਹੀਂ ਰੋਕਿਆ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਕਹਾਣੀ ਇੱਥੇ ਹੀ ਖਤਮ ਨਹੀਂ ਹੋਈ ਕਿਉਂਕਿ ਸਾਲ 1998 ਵਿੱਚ ਜਦੋਂ ਪ੍ਰਕਾਸ਼ ਸਿੰਘ ਬਾਦਲ ਇਕ ਵਾਰ ਫੇਰ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਨੇ ਭਾਖੜਾ ਮੇਨ ਲਾਈਨ ਦੇ ਕਿਨਾਰਿਆਂ ਨੂੰ ਲਗਪਗ ਇਕ ਫੁੱਟ ਉੱਚਾ ਕਰ ਦਿੱਤਾ ਤਾਂ ਕਿ ਹਰਿਆਣਾ ਨੂੰ ਹੋਰ ਪਾਣੀ ਦਿੱਤਾ ਜਾ ਸਕੇ ਅਤੇ ਇਸ ਮੰਤਵ ਲਈ ਹਰਿਆਣਾ ਪਾਸੋਂ 45 ਕਰੋੜ ਰੁਪਏ ਵੀ ਹਾਸਲ ਕੀਤੇ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਇਸ ਗੱਲ ਤੋਂ ਸਪੱਸ਼ਟ ਹੈ ਕਿ ਅਕਾਲੀ ਸਰਕਾਰ ਨੇ ਪੰਜਾਬ ਦੇ ਲੋਕਾਂ ਦੇ ਹਿੱਤਾਂ ਨਾਲ ਧ੍ਰੋਹ ਕਮਾ ਕੇ ਲੋਕਾਂ ਨਾਲੋਂ ਆਪਣੇ ਨਿੱਜੀ ਹਿੱਤਾਂ ਨੂੰ ਤਰਜੀਹ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਪਾਣੀਆਂ ਦੀ ਵੰਡ ਬਾਰੇ 31 ਦਸੰਬਰ, 1981 ਨੂੰ ਉਦੋਂ ਦੇ ਮੁੱਖ ਮੰਤਰੀ ਦਰਬਾਰਾ ਸਿੰਘ, ਹਰਿਆਣਾ ਦੇ ਮੁੱਖ ਮੰਤਰੀ ਤੇ ਰਾਜਸਥਾਨ ਦੇ ਮੁੱਖ ਮੰਤਰੀ ਵਿਚਾਲੇ ਇੰਦਰਾ ਗਾਂਧੀ ਦੀ ਹਾਜ਼ਰੀ ਵਿੱਚ ਸਮਝੌਤਾ ਹੋਇਆ ਸੀ ਕਿਉਂਕਿ ਉਸ ਸਮੇਂ ਕੇਂਦਰ ਤੇ ਇਨ੍ਹਾਂ ਤਿੰਨਾਂ ਸੂਬਿਆਂ ਵਿੱਚ ਕਾਂਗਰਸ ਦੀਆਂ ਸਰਕਾਰਾਂ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਸ ਸਮੇਂ ਦੇ ਕਾਂਗਰਸ ਦੇ ਮੁੱਖ ਮੰਤਰੀ ਨੇ ਕੇਂਦਰ ਸਰਕਾਰ ਦੇ ਨਾਜਾਇਜ਼ ਆਦੇਸ਼ ਉਤੇ ਪੰਜਾਬ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕੀਤਾ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਪ੍ਰਾਜੈਕਟ ਲਈ ਜਮੀਨ ਐਕੁਆਇਰ ਕਰਕੇ ਐਸ.ਵਾਈ.ਐਲ. ਦੀ ਉਸਾਰੀ ਦਾ ਮੁੱਢ ਬੰਨ੍ਹਣ ਦਾ ਸਿਹਰਾ ਪ੍ਰਕਾਸ ਸਿੰਘ ਬਾਦਲ ਨੂੰ ਜਾਂਦਾ ਹੈ ਜਦੋਂ ਕਿ ਅਕਾਲੀ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਨਹਿਰ ਦੀ ਉਸਾਰੀ ਦਾ ਕੰਮ ਮੁਕੰਮਲ ਕਰਵਾਇਆ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਪੰਜਾਬ ਕੋਲ ਪਾਣੀ ਦੀ ਘੱਟ ਉਪਲਬਧਤਾ ਦੇ ਮੁੱਦੇ ਨੂੰ ਜੋਰਦਾਰ ਢੰਗ ਨਾਲ ਪੇਸ ਕੀਤਾ ਹੈ ਅਤੇ ਇਹ ਸੁਪਰੀਮ ਕੋਰਟ ਦੇ ਫੈਸਲੇ ਵਿੱਚ ਵੀ ਦਰਜ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਪਿਛਲੇ 30 ਸਾਲਾਂ ਤੋਂ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡ ਰਿਹਾ ਹੈ ਅਤੇ ਹੁਣ ਵੀ ਇਸ ਮੁੱਦੇ 'ਤੇ ਲੋਕਾਂ ਨੂੰ ਗੁੰਮਰਾਹ ਵੀ ਕਰ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮੌਜੂਦਾ ਸੂਬਾ ਸਰਕਾਰ ਦੇ ਵਕੀਲਾਂ ਨੇ ਨਹਿਰ ਮੁਕੰਮਲ ਹੋਣ ਸਬੰਧੀ ਕਿਤੇ ਵੀ ਕੋਈ ਜ਼ਿਕਰ ਨਹੀਂ ਕੀਤਾ।

# ਜਦੋਂ ਇੰਦਰਾ ਦੀ ਮੌਤ ਤੇ ਢਾਡੀਆਂ ਨੂੰ ਸੁਣਕੇ ਸੰਤ ਲੌਂਗੋਵਾਲ ਵੀ ਹੱਸ ਪਿਆ

ਦਰਬਾਰ ਸਾਹਿਬ ਉੱਤੇ ਜੂਨ 1984 ਦੇ ਫੌਜੀ ਹਮਲੇ ਵਿੱਚ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਹਨਾਂ ਦੇ ਸਾਥੀ ਤੇ ਬਹੁਤ ਸਾਰੇ ਸ਼ਰਧਾਲੂ ਸ਼ਹੀਦੀਆਂ ਪਾ ਗਏ, ਪ੍ਰੰਤੂ ਉਸ ਵੇਲੇ ਸਾਰੇ ਅਕਾਲੀ ਆਗੂ ਜੇਲ੍ਹਾਂ ਵਿੱਚ ਬੰਦ ਕਰ ਦਿੱਤੇ ਗਏ ਸਨ।

ਆਖਿਰ 31 ਅਕਤੂਬਰ 1984 ਨੂੰ ਇੰਦਰਾ ਦਾ ਕਤਲ ਹੋ ਗਿਆ। ਬੇਸ਼ੱਕ ਕੌਮ ਨੂੰ ਇਸ ਕਤਲ ਦੀ ਕੀਮਤ ਪੂਰੇ ਭਾਰਤ ਵਿੱਚ ਆਪਣਾ ਕਤਲੇਆਮ ਕਰਵਾਕੇ ਚੁਕਾਉਣੀ ਪੈ ਗਈ, ਪ੍ਰੰਤੂ ਇੰਦਰਾ ਨੂੰ ਮਾਰਨ ਦੀ ਖੁਸ਼ੀ ਏਨੀ ਸੀ ਕਿ ਹਰ ਸਿੱਖ ਗਦਗਦ ਹੋਇਆ ਪਿਆ ਸੀ ਕਿ ਦਰਬਾਰ ਸਾਹਿਬ ਉੱਤੇ ਹਮਲਾ ਕਰਨ ਵਾਲੀ ਹੰਕਾਰਨ ਇੰਦਰਾ ਗਾਂਧੀ ਨੂੰ ਮਾਰਕੇ ਬਦਲਾ ਲੈ ਲਿਆ ਹੈ।ਇੰਦਰਾ ਦੇ ਕਤਲ ਤੋਂ ਬਾਅਦ ਪੰਥ ਦੇ ਢਾਡੀਆਂ ਨੇ ਇੰਦਰਾ ਨੂੰ ਢੱਡ ਤੇ ਚੜਾਅ ਲਿਆ।

ਬਹੁਤ ਸਾਰੇ ਢਾਡੀ ਜਥਿਆਂ ਨੇ ਸ਼ਹੀਦ ਭਾਈ ਬੇਅੰਤ ਸਿੰਘ ਅਤੇ ਸ.ਸਤਵੰਤ ਸਿੰਘ ਤੇ ਸਕੇਹਰ ਸਿੰਘ ਦੀ ਬਹਾਦਰੀ ਦੀਆਂ ਵਾਰਾਂ ਅਤੇ ਕਵਿਤਾਵਾਂ ਗਾਉਣੀਆਂ ਆਰੰਭ ਕੀਤੀਆਂ। ਜਿਸ ਵਿੱਚ ਬੜਾ ਜੋਸ਼ ਅਤੇ ਜ਼ਜ਼ਬਾ ਸੀ। ਇਹਨਾਂ ਕਵਿਤਾਵਾਂ ਨੂੰ ਸੁਣਕੇ ਹਰ ਸਿੱਖ ਆਪਣੇ ਆਪ ਨੂੰ ਸ਼ਹੀਦ ਬੇਅੰਤ ਸਿੰਘ ਸਮਝਦਾ ਸੀ। ਢਾਡੀ ਅਤੇ ਕਵੀਸ਼ਰ ਸਿੰਘਾਂ ਨੇ ਮੁੜਕੇ ਸਿੱਖਾਂ ਵਿੱਚ ਇੱਕ ਰੂਹ ਫੂਕ ਦਿੱਤੀ ਸੀ।

ਹੌਲੀ ਹੌਲੀ ਅਕਾਲੀਆਂ ਦੀਆਂ ਰਿਹਾਈਆਂ ਆਰੰਭ ਹੋ ਗਈਆਂ ਅਤੇ ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੱਗੋਵਾਲ ਵੀ ਰਿਹਾ ਹੋ ਗਏ। ਉਸ ਰਾਤ ਬਰਨਾਲਾ ਦੇ ਨੇੜਲੇ ਪਿੰਡ ਉੱਪਲੀ ਵਿੱਚ ਦੀਵਾਨ ਸੀ। ਸੰਤ ਹਰਚੰਦ ਸਿੰਘ ਵੀ ਸਟੇਜ ਉੱਤੇ ਆ ਪਹੁੰਚੇ। ਬੇਸ਼ੱਕ ਬਾਕੀ ਸਿੱਖਾਂ ਵਿੱਚ ਜਿਵੇਂ ਮਰਜ਼ੀ ਪ੍ਰਭਾਵ ਹੋਵੇ ਪ੍ਰੰਤੂ ਇਸ ਇਲਾਕੇ ਵਿੱਚ ਸੰਤ ਲੱਗੋਵਾਲ ਦਾ ਸਤਿਕਾਰ ਸੀ। ਸਟੇਜ ਆਰੰਭ ਹੋਈ ਤਾਂ ਮਾਲਵੇ ਦਾ ਮਸ਼ਹੂਰ ਪੰਥਕ ਢਾਡੀ ਜਥਾ ਭਾਈ ਮਹਿੰਦਰ ਸਿੰਘ ਸਿਬੀਆ ਦੇ ਜਥੇ ਨੇ ਜਦੋਂ ਇੰਦਰਾ ਨੂੰ ਸੋਧਣ ਦੀਆਂ ਕਵਿਤਾਵਾਂ ਗਾਉਣੀਆਂ ਆਰੰਭ ਕੀਤੀਆਂ ਤਾਂ ਭਾਈ ਸਿਬੀਆ ਦੇ ਸਾਥੀ ਭਗਵਾਨ ਸਿੰਘ ਲਹਿਰੀ ਨੇ ਹੇਅਰੇ ਲਾਉਂਣੇ ਸ਼ੁਰੂ ਕਰ ਦਿੱਤੇ। ਭਾਈ ਲਹਿਰੀ ਨੇ ਕਿਹਾ ਕਿ ਕਾਂਗਰਸੀ ਕਹਿੰਦੇ ਹਨ ਕਿ ਸੰਗਰੂਰ ਚੌਂਕ ਵਿੱਚ ਇੰਦਰਾ ਦਾ ਬੁੱਤ ਲਾਵਾਂਗੇ ਤਾਂ ਲਹਿਰੀ ਨੇ ਗਾਕੇ ਕਿਹਾ ਮੈਂ ਆਖਿਆ ਕਰੂੰਗਾ ਕਿ 'ਫਾੜੀ......ਨਹਿਰੂ ਦੀਏ ਲਾਡਲੀਏ ਤੇਰੀ ਉਡਦੀ ਚੌਕ ਵਿੱਚ ਸਾੜੀ", ਦੂਜਾ ਹੇਅਰਾ "ਫੱਟੀਆਂ ...... ਸਿੱਖਾਂ ਦੇ ਮੁੰਡੇ ਬੇਅੰਤ ਸਿੰਘ ਤੋਂ ਨਹਿਰੂ ਦੀ ਕੁੜੀ ਨੇ ਭਨਾ ਲਈਆਂ ਵੱਖੀਆਂ", ਹੋਰ ਵੀ ਬਹੁਤ ਕੁੱਝ ਸੁਣਾਇਆ। ਇਹ ਸੁਣਕੇ ਸੰਤ ਲੌਂਗੋਵਾਲ ਵੀ ਹੱਸ ਪਿਆ ਅਤੇ ਸੌ ਦਾ ਨੋਟ ਭਾਈ ਲਹਿਰੀ ਨੂੰ ਫੜਾਕੇ ਕਹਿਣ ਲੱਗੇ ਭਾਈ ਅਸੀਂ ਤਾਂ ਜੇਲ੍ਹ ਵਿੱਚ ਹੀ ਰਹਿ ਗਏ। ਇੰਦਰਾ ਨੂੰ ਮਾਰਨ ਦਾ ਸਵਾਦ ਤਾਂ ਤੁਸੀਂ ਹੀ ਲੈ ਰਹੇ ਹੋ।



– ਗੁਰਿੰਦਰਪਾਲ ਸਿੰਘ ਧਨੌਲਾ

# ਭਾਜਪਾ ਅਤੇ ਸਹਿਯੋਗੀਆਂ ਦੇ ਘਰਾਂ ਤੇ ਦਫਤਰਾਂ ਤੇ ਹਮਲੇ

ਮਹਾਰਾਸ਼ਟਰ:- ਮਰਾਠਾ ਰਾਖਵੇਂਕਰਨ ਦੀ ਮੰਗ ਕਰ ਰਹੇ ਐਨਸੀਪੀ (ਅਜੀਤ ਧੜੇ) ਦੇ ਵਿਧਾਇਕ ਪ੍ਰਕਾਸ਼ ਸੋਲੰਕੇ ਦੇ ਘਰ, ਭਾਜਪਾ ਦੇ ਇੱਕ ਵਿਧਾਇਕ ਦੇ ਦਫ਼ਤਰ ਅਤੇ ਸਰਕਾਰੀ ਦਫ਼ਤਰਾਂ ਉੱਤੇ ਪ੍ਰਦਰਸ਼ਨਕਾਰੀਆਂ ਵੱਲੋਂ ਹਮਲਾ ਕਰਨ ਦੀਆਂ ਖ਼ਬਰਾਂ ਹਨ।

ਇੰਡੀਅਨ ਐਕਸਪ੍ਰੈਸ ਦੇ ਅਨੁਸਾਰ, ਸੋਮਵਾਰ ਨੂੰ ਹਿੰਸਕ ਭੀੜ ਨੇ ਬੀਡ ਜ਼ਿਲੇ ਦੇ ਮਾਜਲਗਾਓਂ ਤਾਲੁਕਾ ਵਿੱਚ ਐੱਨਸੀਪੀ ਵਿਧਾਇਕ ਪ੍ਰਕਾਸ਼ ਸੋਲੰਕੇ ਦੇ ਘਰ 'ਤੇ ਪਥਰਾਅ ਕੀਤਾ ਅਤੇ ਉੱਥੇ ਖੜ੍ਹੇ ਉਨ੍ਹਾਂ ਦੇ ਕਈ ਵਾਹਨਾਂ ਨੂੰ ਅੱਗ ਲਗਾ ਦਿੱਤੀ।

ਮਰਾਠਾ ਪ੍ਰਦਰਸ਼ਨਕਾਰੀਆਂ ਨੇ ਸੋਮਵਾਰ ਦੁਪਹਿਰ ਨੂੰ ਸੰਭਾਜੀ ਨਗਰ ਜ਼ਿਲੇ ਦੇ ਗੰਗਾਪੁਰ ਖੇਤਰ 'ਚ ਭਾਜਪਾ ਵਿਧਾਇਕ ਪ੍ਰਸ਼ਾਂਤ ਬਾਂਬਾ ਦੇ ਦਫਤਰ 'ਚ ਵੀ ਭੰਨਤੋੜ ਕੀਤੀ। ਮਾਜਲਗਾਓਂ ਨਗਰ ਕੌਂਸਲ ਦਫ਼ਤਰ ਨੂੰ ਵੀ ਅੱਗ ਲਗਾ ਦਿੱਤੀ ਗਈ ਅਤੇ ਪੁਲਿਸ ਦੀਆਂ ਗੱਡੀਆਂ 'ਤੇ ਪਥਰਾਅ ਕੀਤਾ ਗਿਆ।

ਇਸ ਤੋਂ ਪਹਿਲਾਂ ਸੋਮਵਾਰ ਸਵੇਰੇ ਮਰਾਠਾ ਭਾਈਚਾਰੇ ਦੇ ਸੈਂਕੜੇ ਮੈਂਬਰਾਂ ਨੇ ਸੜਕ 'ਤੇ ਟਾਇਰ ਸਾੜ ਕੇ ਧੂਲੇ-ਸੋਲਾਪੁਰ ਹਾਈਵੇਅ ਨੂੰ ਜਾਮ ਕਰ ਦਿੱਤਾ।ਇਸ ਦੌਰਾਨ, ਮਹਾਰਾਸ਼ਟਰ ਰਾਜ ਸੜਕ ਟਰਾਂਸਪੋਰਟ ਕਾਰਪੋਰੇਸ਼ਨ ਨੇ ਬੱਸਾਂ ਨੂੰ ਪੱਥਰਬਾਜ਼ੀ ਵਿੱਚ ਨਿਸ਼ਾਨਾ ਬਣਾਏ ਜਾਣ ਤੋਂ ਬਾਅਦ, ਜ਼ਿਆਦਾਤਰ ਮਰਾਠਵਾੜਾ ਖੇਤਰ ਵਿੱਚ ਨੌਂ ਜ਼ਿਲ੍ਹਿਆਂ ਵਿੱਚ ਆਪਣੀਆਂ ਸੇਵਾਵਾਂ ਮੁਅੱਤਲ ਕਰ ਦਿੱਤੀਆਂ।


TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

ਦੇਗ ਤੇਗ ਫਤਿਹ    ਪੰਥ ਕੀ ਜੀਤ

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

www.akalisinghgurdwara.ca

4 ਨਵੰਬਰ, ਦਿਨ ਸ਼ਨਿੱਚਰਵਾਰ....ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਬਲਵਿੰਦਰ ਸਿੰਘ ਸਹੋਤਾ ਅਤੇ ਪਰਿਵਾਰ ਵਲੋਂ ਹੋਵੇਗੀ।
5 ਨਵੰਬਰ, ਦਿਨ ਐਤਵਾਰ........ਸਵੇਰ ਨੂੰ 8:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਅਤੇ ਲੰਗਰ ਵੀ ਹੋਵੇਗਾ।
5 ਨਵੰਬਰ, ਦਿਨ ਐਤਵਾਰ........ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿੱਚ ਲੰਗਰ ਦੀ ਸੇਵਾ ਭਾਈ ਸੁਰਿੰਦਰ ਸਿੰਘ ਢਕ ਅਤੇ ਪਰਿਵਾਰ ਵਲੋਂ ਹੋਵੇਗੀ।
5 ਨਵੰਬਰ, ਦਿਨ ਐਤਵਾਰ........ਸ਼ਾਮ ਨੂੰ ਨੰਬਰ 2 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਸਰਬਜੀਤ ਸਿੰਘ ਦੁਸਾਂਝ ਅਤੇ ਪਰਿਵਾਰ ਵਲੋਂ ਹੋਵੇਗੀ।
10 ਨਵੰਬਰ, ਦਿਨ ਸ਼ੁੱਕਰਵਾਰ.....ਸਵੇਰ ਨੂੰ ਅਨੰਦ ਕਾਰਜ ਹੋਵੇਗਾ।
10 ਨਵੰਬਰ, ਦਿਨ ਸ਼ੁੱਕਰਵਾਰ.....ਸਵੇਰ ਨੂੰ 10:00 ਵਜੇ ਭਗਤ ਨਾਮਦੇਵ ਜੀ ਦੇ ਜਨਮ ਦਿਹਾੜੇ ਦੀ ਖੁਸ਼ੀ ਵਿਚ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 12 ਨਵੰਬਰ ਦਿਨ ਐਤਵਾਰ ਸਵੇਰੇ 9:30 ਵਜੇ ਪਾਏ ਜਾਣਗੇ।
11 ਨਵੰਬਰ, ਦਿਨ ਸ਼ਨਿੱਚਰਵਾਰ..ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਮਲੂਕ ਸਿੰਘ ਬਲਿੰਗ ਅਤੇ ਪਰਿਵਾਰ ਵਲੋਂ ਹੋਵੇਗੀ।
12 ਨਵੰਬਰ, ਦਿਨ ਐਤਵਾਰ......ਬੰਦੀ ਛੋੜ ਦਿਹਾੜਾ ਹੈ, ਸ਼ਾਮ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।
14 ਨਵੰਬਰ, ਦਿਨ ਮੰਗਲਵਾਰ.....ਸੰਗਰਾਂਦ ਹੈ।
18 ਨਵੰਬਰ, ਦਿਨ ਸ਼ਨਿੱਚਰਵਾਰ..ਸਵੇਰ ਨੂੰ ਲੰਗਰ ਦੀ ਸੇਵਾ ਭਾਈ ਇੰਦਰਜੀਤ ਸਿੰਘ ਪਰਮਾਰ ਅਤੇ ਪਰਿਵਾਰ ਵਲੋਂ ਹੋਵੇਗੀ।
18 ਨਵੰਬਰ, ਦਿਨ ਸ਼ਨਿੱਚਰਵਾਰ..ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਰਾਵਿੰਦਰ ਸਿੰਘ ਗਿਰਨ ਤੇ ਪਰਿਵਾਰ ਵਲੋਂ ਹੋਵੇਗੀ।
19 ਨਵੰਬਰ, ਦਿਨ ਐਤਵਾਰ......ਸਵੇਰ ਨੂੰ 8:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।
19 ਨਵੰਬਰ, ਦਿਨ ਐਤਵਾਰ......ਸ਼ਾਮ ਨੂੰ ਨੰਬਰ 1 ਦਰਬਾਰ ਵਿਚ ਲੰਗਰ ਦੀ ਸੇਵਾ ਬੀਬੀ ਕਰਿਸ਼ਨ ਮਿਨਹਾਸ ਵਲੋਂ ਹੋਵੇਗੀ।
19 ਨਵੰਬਰ, ਦਿਨ ਐਤਵਾਰ......ਸ਼ਾਮ ਨੂੰ ਨੰਬਰ 2 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਬੀਬੀ ਮਨਦੀਪ ਕੌਰ ਢਿੱਲੋਂ ਵਲੋਂ ਹੋਵੇਗੀ।

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਮੂਹ ਸਾਧ ਸੰਗਤ ਵਲੋਂ ਭਗਤ ਨਾਮ ਦੇਵ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਨਾਲ ਮਨਾਉਣ ਹਿਤ ਅਕਾਲੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਹੇਠ ਲਿਖੇ ਅਨੁਸਾਰ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਜਾ ਰਹੇ ਹਨ। ਇਸ ਉਤਸਵ ਦੀ ਸਾਰੀ ਸੇਵਾ ਸ਼ਰਧਾਲੂ ਪਰਿਵਾਰਾਂ ਵਲੋਂ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਤੇ ਪਰਿਵਾਰਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਨ ਹਿਤ ਕੀਤੀ ਜਾ ਰਹੀ ਹੈ।

ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ
ਅਰੰਭ ਸ੍ਰੀ ਅਖੰਡ ਪਾਠ ਸਾਹਿਬ- 10 ਨਵੰਬਰ 2023, ਦਿਨ ਸ਼ੁੱਕਰਵਾਰ ਸਵੇਰੇ 10:00 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ- 12 ਨਵੰਬਰ 2023, ਦਿਨ ਐਤਵਾਰ ਸਵੇਰੇ 9:30 ਵਜੇ

ਭੋਗ ਉਪਰੰਤ ਗੁਰੂਘਰ ਦੇ ਮਹਾਨ ਕੀਰਤਨੀ ਜਥੇ ਗੁਰਬਾਣੀ ਕੀਰਤਨ ਅਤੇ ਗਿਆਨੀ ਸਾਹਿਬਾਨ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੋਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂ ਘਰ ਪਹੁੰਚ ਕੇ ਸੇਵਾ ਵਿਚ ਹੱਥ ਵਟਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।
ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ।

ਸੰਗਤਾਂ ਦੇ ਦਾਸ, ਪ੍ਰਬੰਧਕ ਕਮੇਟੀ ਅਕਾਲੀ ਸਿੰਘ ਸਿੱਖ ਸੁਸਾਇਟੀ

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇਂ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ    ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਬੋਲੀ ਪੰਜਾਬੀ ਦਾ ਜਸ਼ਨ ਧੂਮ ਧਾਮ ਨਾਲ ਮਨਾਇਆ









ਸਰੀ (ਬਲਵੰਤ ਸਿੰਘ ਸੰਘੇੜਾ):ਪੰਜਾਬੀ ਲੈਂਗੂਏਜ ਐਜੂਕੇਸ਼ਨ ਅਸੋਸੀਏਸ਼ਨ (ਪਲੀਅ) ਵਲੋਂ 28 ਅਕਤੂਬਰ, 2023 ਦਿਨ ਸ਼ਨਿਚਰਵਾਰ ਨੂੰ 1:00 ਤੋਂ 4:30 ਵਜੇ ਤਕ ਮਾਂ ਬੋਲੀ ਪੰਜਾਬੀ ਦਾ ਜਸ਼ਨ ਬਹੁਤ ਧੂਮ ਧਾਮ ਨਾਲ ਕਵਾਂਟਲਿਨ ਪੌਲੀਟੈਕਨਿਕ ਯੂਨੀਵਰਸਟੀ ,ਸਰ੍ਹੀ ਵਿਖੇ ਮਨਾਇਆ ਗਿਆ। ਇਹ ਜਸ਼ਨ ਕਵਾਂਟਲਿਨ ਪੌਲੀਟੈਕਨਿਕ ਯੂਨੀਵਰਸਟੀ ਅਤੇ ਦੀਪਕਿ ਬਿਨਿੰਗ ਫਾਉਂਡੇਸ਼ਨ ਦੇ ਸਹਿਯੋਗ ਨਾਲ ਮਨਾਇਆ ਗਿਆ।ਸ਼ੁਰੂ ਵਿਚ ਕੇ.ਪ੍ਰੀ.ਯੂ.ਦੇ ਨਮਾਇੰਦੇ ਸਟੀਵਨ ਲਵਾਰਨ ਅਤੇ ਦੀਪਿਕ ਬਿਨਿੰਗ ਫਾਊਂਡੇਸ਼ਨ ਦੇ ਬਾਨੀ ਪਾਲ ਬਿਨਿੰਗ ਨੇ ਸਰੋਤਿਆਂ ਨੂੰ ਸੰਬੋਧਨ ਕੀਤਾ।ਸੰਚਾਲਿਕ ਗੁਰਿੰਦਰ ਮਾਨ ਅਤੇ ਹਰਮਨ ਪੰਧੇਰ ਨੇ ਪ੍ਰੋਗਰਾਮ ਦੀ ਰੂਪ ਰੇਖਾ ਸਰੋਤਿਆ ਨਾਲ ਸਾਂਝੀ ਕੀਤੀ।ਇਸ ਤੋਂ ਬਾਅਦ ਪਲੀਅ ਦੇ ਪਰਧਾਨ ਬਲਵੰਤ ਸਿੰਘ ਸੰਘੇੜਾ ਅਤੇ ਮੀਤ ਪ੍ਰਧਾਨ ਸਾਧੂ ਬਿਨਿੰਗ ਨੇ ਕੈਨੇਡਾ ਵਿਚ ਪਲੀਅ ਦੀਆਂ ਗਤੀਵਿਧੀਆਂ ਅਤੇ ਪੰਜਾਬੀ ਦੀ ਸਿਥਿਤੀ ਵਾਰੇ ਸਰੋਤਿਆਂ ਨਾਲ ਸਾਂਝ ਪਾਈ। ਉਹਨਾਂ ਖੁਸ਼ੀ ਜਾਹਰ ਕੀਤੀ ਕਿ ਕੈਨੇਡਾ ਵਿਚ ਪੰਜਾਬੀ ਭਾਸ਼ਾ ਨੇ ਪਿਛਲੇ ਕੁਝ ਸਾਲਾਂ ਵਿਚ ਬਹੁਤ ਤਰੱਕੀ ਕੀਤੀ ਹੈ ਅਤੇ ਕੈਨੇਡਾ ਦੇ ਕਈ ਭਾਗਾਂ ਵਿਚ ਇਹ ਹੁਣ ਰੁਜਗਾਰ ਦੀ ਭਾਸ਼ਾ ਬਣ ਗਈ ਹੈ।ਪਰ ਹਾਲੇ ਭੀ ਸਾਡੇ ਲਈ ਬਹੁਤ ਚਣੌਤੀਆਂ ਹਨ ਜਿਸ ਲਈ ਪਲੀਅ ਨੂੰ ਕਮਿਊਨਿਟੀ ਦੇ ਸਹਿਯੋਗ ਦੀ ਬਹੁਤ ਲੋੜ ਹੈ।

ਸਾਡੇ ਲਈ ਇਹ ਬਹੁਤ ਖੁਸ਼ੀ ਦੀ ਗੱਲ ਸੀ ਕਿ ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਬ.ਸੀ. ਦੇ ਸਿੱਖਿਆ ਮੰਤਰੀ ਮਾਣਯੋਗ ਰਚਨਾ ਸਿੰਘ ਨੇ ਸਮਾਂ ਕੱਢਿਆ। ਉਹਨਾਂ ਪਲੀਅ ਅਤੇ ਸਰੋਤਿਆਂ ਨੂੰ ਯਕੀਨ ਦੁਆਇਆ ਕਿ ਉਹ ਮਾਂ ਬੋਲੀ ਪੰਜਾਬੀ ਦੀ ਬਿਹਤਰੀ ਲਈ ਪੂਰੀ ਕੋਸ਼ਿਸ਼ ਕਰ ਰਹੇ ਹਨ।ਕੁਝ ਸਮਾਂ ਪਹਿਲਾਂ ਇਸ ਵਾਰੇ ਪਲੀਅ ਵਲੋਂ ਓਹੁਨਾਂ ਦੇ ਧਿਆਨ ਵਿਚ ਕਾਫੀ ਸੁਝਾਅ ਲਿਆਂਦੇ ਗਏ ਸਨ।ਸਾਨੂੰ ਪੂਰੀ ਆਸ ਹੈ ਕਿ ਉਹ ਇਸ ਵਿਚ ਪੂਰਾ ਉਤਰਨਗੇ।

ਇਸ ਸਮਾਗਮ ਦੇ ਦੋ ਭਾਗ ਸਨ। ਪਹਿਲਾ ਹਿੱਸਾ ਇਕ ਪੈਨਲ ਸੀ ਜਿਸ ਦਾ ਮੁਖ ਮੱਦਾ ਸਰ੍ਹੀ ਅਤੇ ਡੈਲਟਾ ਦੇ ਐਲੀਮੈਂਟਰੀ ਸਕੂਲਾਂ ਵਿਚ ਪੰਜਾਬੀ ਕਲਾਸਾਂ ਵਿਚ ਦਾਖਲੇ ਲਈ ਮਾਪਿਆਂ ਅਤੇ ਬੱਚਿਆਂ ਨੂੰ ਉਤਸਾਹਿਤ ਕਰਨਾਂ। ਇਸ ਪੈਨਲ ਦੇ ਮੈਂਬਰ ਸਨ ਸਰ੍ਹੀ ਸਕੂਲ ਬੋਰਡ ਦੇ ਮੈਂਬਰ ਗੈਰੀ ਥਿੰਦ, ਡੈਲਟਾ ਦੇ ਸਕੂਲ ਬੋਰਡ ਮੈਂਬਰ ਨਿੰਮੀ ਡੌਲਾ, ਸਰ੍ਹੀ ਸਕੂਲ ਬੋਰਡ ਦੇ ਡਿਸਟਰਿਕਟ ਪਰਿੰਸੀਪਲ ਰਾਜ ਪੁਰੀ, ਕਿਡਜ ਪਲਐ ਫਾਊਂਡੇਸ਼ਨ ਤੋਂ ਕਿਰਨ ਤੂਰ, ਪਰਿੰਸਿਸ ਮਾਰਗਰੇਟ ਸਕੂਲ ਭਾਸ਼ਾ ਵਿਭਾਗ ਦੇ ਮੁਖੀ ਅਮਨਦੀਪ ਸ਼ੀਨਾਂ, ਯੂਨੀਵਰਸਟੀ ਦੀ ਵਿਦਿਆਰਥਣ ਤੇਜਲ ਕੋਰ ਬਦੇਸ਼ਾ ਅਤੇ ਅਲ.ਏ. ਮੈਥੀਸਨ ਸਕੂਲ ਦੀ ਵਿਦਿਆਰਥਣ ਕੋਮਲ ਪ੍ਰੀਤ ਕੋਰ ਕੂਨਰ।। ਪੈਨਲ ਦੇ ਕੋਆਰਡੀਨੇਟਰ ਸਨ ਗੁਰਪਰੀਤ ਕੌਰ ਬੈਂਸ , ਜੋ ਐਲ.ਏ. ਮੈਥੀਸਨ ਹਾਈ ਸਕੂਲ ਦੇ ਭਾਸ਼ਾ ਵਿਭਾਗ ਦੇ ਮੁਖੀ ਹਨ।ਉਹੁਨਾਂ ਪੈਨਲ ਤੋਂ ਮਾਂ ਬੋਲੀ ਪੰਜਾਬੀ ਵਾਰੇ ਬਹੁਤ ਹੀ ਢੁੱਕੇਂਵੇ ਸਵਾਲ ਪੁੱਛੇ ਅਤੇ ਪੈਨਲ ਮੈਂਬਰਾਂ ਨੇ ਭੀ ਬਹੁਤ ਹੀ ਸੋਹਣੇ ਸੁਝਾ ਦਿੱਤੇ।ਪਲੀਅ ਇਹਨਾਂ ਸਭ ਦੀ ਬਹੁਤ ਧੰਨਵਾਦੀ ਹੈ।ਪ੍ਰੋਗਰਾਮ ਦੇ ਦੂਸਰੇ ਭਾਗ ਵਿਚ ਬੀਵਰ ਕਰੀਕ ਐਲੀਮੈਂਟਰੀ ਸਕੂਲ ਦੇ ਬਚਿਆਂ, ਐਲ .ਏ. ਮੈਥੀਸਨ ਅਤੇ ਪੀ.ਐਮ.ਐਸ. ਐਸ. ਦੇ ਵਿਦਿਆਰਥੀਆਂ ਵਲੋਂ ਬਹੁਤ ਹੀ ਸੂੰਦਰ ਕਵਿਤਾਵਾਂ, ਅਤੇ ਗੀਤਾਂ ਦੀਆਂ ਪੇਸ਼ਕਾਰੀਆਂ ਨੇ ਸਭ ਦਾ ਦਿਲ ਜਿੱਤ ਲਿਆ।ਅਖੀਰ ਵਿਚ ਸੇਵਾ ਸਿੰਘ ਪੰਧੇਰ ਨੇ ਆਪਣੇ ਦਾਦਾ ਜੀ ਅਤੇ ਪਲੀਅ ਦੇ ਸਰਗਰਮ ਬੋਰਡ ਮੈਂਬਰ ਰਾਜਿੰਦਰ ਸਿੰਘ ਪੰਧੇਰ ਦੀ ਕਿਤਾਬ ਵਿਚੋਂ ਇਕ ਕਹਾਣੀ ਪੜ੍ਹ ਕੇ ਸਰੋਤਿਆ ਨੂੰ ਨਿਹਾਲ ਕੀਤਾ।ਪਲੀਅ ਦੇ ਬੋਰਡ ਵਲੋਂ ਸਾਧੂ ਬਿਨਿੰਗ ਅਤੇ ਬਲਵੰਤ ਸਿੰਘ ਸੰਘੇੜਾ ਨੇ ਇਹਨਾਂ ਸਭ ਦਾ ਸੰਚਾਲਕਾਂ ਗੁਰਿੰਦਰ ਮਾਨ, ਹਰਮਨ ਪੰਧੇਰ, ਸਾਊਥ ਏਸ਼ੀਆਂਨ ਮੀਡੀਆ, ਕਵਾਂਟਲਿਨ ਪੌਲੀਟੈਕਨਿਕ ਯੂਨੀਵਰਸਟੀ , ਦੀਪਕ ਬਿਨਿੰਗ ਫਾਊਂਡੇਸ਼ਨ, ਅਤੇ ਸਰੋਤਿਆ ਦਾ ਧੰਨਵਾਦ ਕੀਤਾ । ਸਾਡੇ ਸਭ ਲਈ ਇਹ ਆਪਣੀ ਮਾਂ ਬੋਲੀ ਪੰਜਾਬੀ ਦੇ ਜਸ਼ਨ ਮਨਾਉਣ ਦਾ ਬਹੁਤ ਚੰਗਾ ਮੌਕਾ ਸੀ।

ਪੰਜਾਬੀ ਦੇ ਪ੍ਰੇਮੀਆਂ ਅਤੇ ਸ਼ੁਭ ਚਿੰਤਕਾਂ ਲਈ ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ ਪੰਜਾਬੀ ਹੁਣ ਦੁਨੀਆਂ ਦੀਆਂ ਪ੍ਰਮੁਖ ਬੋਲੀਆਂ ਵਿੱਚੋਂ ਇਕ ਹੈ। ਦੁਨੀਆਂ ਵਿਚ 7,000 ਤੋਂ ਵੱਧ ਬੋਲੀਆਂ ਜਾਣ ਵਾਲੀਆਂ ਬੋਲੀਆਂ ਵਿੱਚ ਪੰਜਾਬੀ ਸਿਖਰੌਂ ਦਸਵੇਂ ਨੰਬਰ ਉਪਰ ਹੈ।ਕੈਨੇਡਾ ਵਿਚ ਪੰਜਾਬੀ ਹੁਣ ਤੀਸਰੇ ਨੰਬਰ ਉਪਰ ਹੈ। ਪੰਜਾਬੀ ਦੇ 15 ਕਰੋੜ ਬੋਲਣ ਵਾਲੇ ਲੋਕ ਦੁਨੀਆਂ ਦੇ ਤਕਰੀਬਨ 190 ਦੇਸ਼ਾਂ ਵਿਚ ਵਸ ਰਹੇ ਹਨ। ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ, ਨਿਊਜੀਲੈਂਡ ਅਤੇ ਹੋਰ ਕਈ ਦੇਸ਼ਾਂ ਵਿਚ ਇਸ ਵੇਲੇ ਪੰਜਾਬੀ ਅਤੇ ਪੰਜਾਬੀਆਂ ਦਾ ਬੋਲ ਬਾਲਾ ਹੈ। ਆਉ ਆਪਾਂ ਸਭ ਪੰਜਾਬੀ ਮਾਂ ਬੋਲੀ ਦੇ ਸ਼ੁਭਚਿੰਤਕ ਆਪਣੀ ਮਾਂ ਬੋਲੀ ਦੀ ਤਰੱਕੀ ਲਈ ਕੋਸ਼ਿਸ਼ਾਂ ਜਾਰੀ ਰੱਖੀਏ।


# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

## ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਇਸ ਹਫਤੇ ਦੇ ਪ੍ਰੋਗਰਾਮ



ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਭਾਈ ਬੇਅੰਤ ਸਿੰਘ ਅਤੇ ਸਿੱਖ ਨਸਲਕੁਸ਼ੀ ਦੇ ਸਬੰਧ ਵਿਚ ਪ੍ਰੋਗਰਾਮ ਹੋਣਗੇ।2 ਪਰਿਵਾਰਾਂ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ:

1. ਗੁਲਜਾਰ ਟਰੱਕਿੰਗ ਕੰਪਨੀ ਵੱਲੋਂ 2. ਭਾਈ ਮਨਜਿੰਦਰ ਸਿੰਘ ਦੁਸਾਂਝ ਪਰਿਵਾਰ ਵੱਲੋਂ

3 ਨਵੰਬਰ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ ਭੋਗ 5 ਨਵੰਬਰ ਦਿਨ ਸੋਮਵਾਰ ਸਵੇਰੇ 9.30 ਵਜੇ ਪੈਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*3 ਨਵੰਬਰ ਦਿਨ ਸ਼ੁੱਕਰਵਾਰ ਸ਼ਾਮ ਦੇ ਲੰਗਰਾਂ ਦੀ ਸੇਵਾ ਭਾਈ ਗੁਰਮੀਤ ਸਿੰਘ ਕੰਗ ਪਰਿਵਾਰ ਵੱਲੋਂ ਹੋਵੇਗੀ।

*3 ਨਵੰਬਰ ਦਿਨ ਸ਼ੁੱਕਰਵਾਰ ਨੂੰ ਸਵ. ਕੰਵਲ ਸਿੰਘ ਜੌਹਲ ਦਾ ਅੰਤਮ ਸਸਕਾਰ 2.30 ਵਜੇ ਰਿਵਰ ਸਾਈਡ ਫਿਊਨਰਲ ਹੋਮ ਵਿਖੇ ਹੋਵੇਗਾ।ਉਪਰੰਤ ਉਹਨਾਂ ਨਮਿਤ ਗੁਰੂਘਰ ਵਿਖੇ ਰਖਾਏ ਸਹਿਜਪਾਠ ਦੇ ਭੋਗ ਤੇ ਅੰਤਮ ਅਰਦਾਸ ਸ਼ਾਮ 3.30 ਵਜੇ ਹੋਵੇਗੀ।

*4 ਨਵੰਬਰ ਦਿਨ ਸ਼ਨਿਚਰਵਾਰ ਬੱਚੀ ਸਵਨੀਤ ਕੌਰ ਦੇ ਅਨੰਦਕਾਰਜ ਦੀ ਰਸਮ ਹੋਵੇਗੀ।

*4 ਨਵੰਬਰ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 4 ਪਰਿਵਾਰਾਂ ਵੱਲੋਂ ਹੋਵੇਗੀ:

1. ਭਾਈ ਅਜੀਤ ਸਿੰਘ ਲੌਂਗੀਆ ਪਰਿਵਾਰ 2.ਭਾਈ ਹਰਕਮਲਜੀਤ ਸਿੰਘ ਪਰਿਵਾਰ 3. ਭਾਈ ਰਾਜਬੀਰ ਸਿੰਘ ਰਾਏ ਪਰਿਵਾਰ ਵੱਲੋਂ ਬੱਚੀ ਰੀਆ ਕੌਰ ਦੇ ਜਨਮ ਦੀ ਖੁਸ਼ੀ ਵਿਚ 4. ਭਾਈ ਵਰਿੰਦਰ ਸਿੰਘ ਪਰਿਵਾਰ ਵੱਲੋਂ ਬੱਚੀ ਨੂਰ ਕੌਰ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿਚ

*5 ਨਵੰਬਰ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਬੀਬੀ ਤਲਵਿੰਦਰ ਕੌਰ ਬੱਲ ਪਰਿਵਾਰ ਵੱਲੋਂ ਹੋਵੇਗੀ।

*5 ਨਵੰਬਰ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਜਸਵੀਰ ਸਿੰਘ ਸੰਧੂ ਪਰਿਵਾਰ ਵੱਲੋਂ ਹੋਵੇਗੀ।

*6 ਨਵੰਬਰ ਦਿਨ ਸੋਮਵਾਰ ਨੂੰ ਭਾਈ ਹਰਦੀਪ ਸਿੰਘ ਹੇਅਰ ਪਰਿਵਾਰ ਵੱਲੋਂ ਅਖੰਡ ਪਾਠ ਦੀ ਸੇਵਾ ਹੋਵੇਗੀ ਜਿਸ ਦੀ ਆਰੰਭਤਾ ਸਵੇਰੇ 9.30 ਵਜੇ ਹੋਵੇਗੀ ਅਤੇ ਭੋਗ 8 ਨਵੰਬਰ ਦਿਨ ਬੁੱਧਵਾਰ ਸਵੇਰੇ 9.30 ਵਜੇ ਪਾਏ ਜਾਣਗੇ, ਉਪਰੰਤ ਕੀਰਤਨ ਹੋਣਗੇ।

*9 ਨਵੰਬਰ ਦਿਨ ਵੀਰਵਾਰ ਸਵੇਰ ਦੇ ਕੀਰਤਨ ਅਤੇ ਕੁੜਮਾਈ ਦੀ ਰਸਮ ਭਾਈ ਇੰਦਰਜੀਤ ਪਰਿਵਾਰ ਵੱਲੋਂ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 604-590-3224**

# ਪ੍ਰਧਾਨ ਮੰਤਰੀ ਨੂੰ ਦਖਲ ਦੇਣਾ ਚਾਹੀਦਾ ਹੈ, ਸਮਾਂ ਨਹੀਂ ਬਚਿਆ:ਸਾਬਕਾ ਜਲ ਸੈਨਾ ਅਧਿਕਾਰੀ ਦੀ ਭੈਣ

ਨਵੀਂ ਦਿੱਲੀ: ਕਤਰ ਵਿਚ ਭਾਰਤੀ ਜਲ ਸੈਨਾ ਦੇ ਅੱਠ ਸਾਬਕਾ ਕਰਮਚਾਰੀਆਂ 'ਤੇ ਮੁਕੱਦਮਾ ਚਲਾਉਣ ਦੀ ਪ੍ਰਕਿਰਿਆ ਵਿਚ ਪਾਰਦਰਸ਼ਤਾ ਦੀ ਘਾਟ ਨੇ ਨਿਆਂਇਕ ਪ੍ਰਕਿਰਿਆ ਵਿਚ ਉਨ੍ਹਾਂ ਦੇ ਪਰਿਵਾਰਾਂ ਦੇ ਵਿਸ਼ਵਾਸ ਨੂੰ ਕਮਜ਼ੋਰ ਕਰ ਦਿੱਤਾ ਹੈ।

ਇਹ ਗੱਲ ਇਨ੍ਹਾਂ ਮੁਲਾਜ਼ਮਾਂ ਵਿੱਚ ਸ਼ਾਮਲ ਕਮਾਂਡਰ ਪੂਰਨੇਂਦੂ ਤਿਵਾਰੀ (ਸੇਵਾਮੁਕਤ) ਦੀ ਭੈਣ ਮੀਟੂ ਭਾਰਗਵ (54 ਸਾਲ) ਨੇ ਕਹੀ ਹੈ।ਸਮੇਂ ਦੀ ਘਾਟ ਦਾ ਹਵਾਲਾ ਦਿੰਦੇ ਹੋਏ, ਉਸਨੇ ਸਾਰੇ ਅੱਠ ਭਾਰਤੀਆਂ ਨੂੰ ਵਾਪਸ ਲਿਆਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ 'ਨਿੱਜੀ ਦਖਲ' ਦੀ ਮੰਗ ਕੀਤੀ।ਇਨ੍ਹਾਂ ਸਾਬਕਾ ਜਲ ਸੈਨਾ ਕਰਮਚਾਰੀਆਂ ਨੂੰ ਕਤਰ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਹੈ।ਮੀਡੀਆ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਉਸ 'ਤੇ ਜਾਸੂਸੀ ਦਾ ਦੋਸ਼ ਹੈ। ਉਸ ਦੀ ਜ਼ਮਾਨਤ ਪਟੀਸ਼ਨ ਕਈ ਵਾਰ ਖਾਰਜ ਹੋ ਚੁੱਕੀ ਹੈ।ਉਨ੍ਹਾਂ ਕਿਹਾ, 'ਅਸੀਂ ਪਹਿਲਾਂ ਹੀ ਰੱਖਿਆ ਮੰਤਰੀ ਨੂੰ ਮਿਲ ਚੁੱਕੇ ਹਾਂ।

ਪਿਛਲੇ ਸਾਲ ਸੰਸਦ ਵਿੱਚ ਜੈਸ਼ੰਕਰ ਜੀ ਨੇ ਕਿਹਾ ਸੀ ਕਿ ਇਹ ਇੱਕ ਸੰਵੇਦਨਸ਼ੀਲ ਮੁੱਦਾ ਹੈ ਅਤੇ ਇਹ ਲੋਕ ਸਾਡੀ ਤਰਜੀਹ ਹਨ।

ਪਰ ਹੁਣ ਕਿਸੇ ਹੋਰ ਦੇ ਦਖ਼ਲ ਦਾ ਸਮਾਂ ਨਹੀਂ ਹੈ। ਸਾਡੇ ਕੋਲ ਜ਼ਿਆਦਾ ਸਮਾਂ ਨਹੀਂ ਬਚਿਆ ਹੈ।

ਉਨ੍ਹਾਂ ਕਿਹਾ, 'ਅਸੀਂ ਆਪਣੇ ਅੱਠ ਲੋਕਾਂ ਨੂੰ ਵਾਪਸ ਲਿਆਉਣ ਲਈ ਮਾਣਯੋਗ ਪ੍ਰਧਾਨ ਮੰਤਰੀ ਦੇ ਨਿੱਜੀ ਦਖਲ ਦੀ ਬੇਨਤੀ ਅਤੇ ਬੇਨਤੀ ਕਰਦੇ ਹਾਂ। ਇਸ ਲਈ ਅਸੀਂ ਕਿਸੇ ਹੋਰ ਬਾਰੇ ਨਹੀਂ ਸੋਚ ਸਕਦੇ।

# ਸੈਨਹੋਜੇ 'ਚ ਡਲਿਵਰੀ ਡਰਾਈਵਰ ਨਬਾਲਗ ਲੜਕੀ ਨਾਲ ਜਬਰ-ਜਨਾਹ ਕਰਨ ਦੀ ਕੋਸ਼ਿਸ਼ ਦੇ ਦੋਸ਼ਾਂ ਹੇਠ ਗ੍ਰਿਫਤਾਰ



ਸੈਕਰਾਮੈਂਟੋ- ਕੈਲੀਫੋਰਨੀਆ ਦੇ ਸੈਨਹੋਜੇ ਸ਼ਹਿਰ 'ਚ ਇਕ ਮੋਟਲ ਵਿਚ ਠਹਿਰੀ ਨਬਾਲਗ ਲੜਕੀ ਉਪਰ ਜਬਰ ਜਨਾਹ ਕਰਨ ਦੇ ਮੰਤਵ ਨਾਲ ਹਮਲਾ ਕਰਨ ਦੇ ਦੋਸ਼ ਤਹਿਤ ਇਕ 21 ਸਾਲਾ ਡਲਿਵਰੀ ਡਰਾਈਵਰ ਨੂੰ ਗ੍ਰਿਫਤਾਰ ਕਰਨ ਦੀ ਖਬਰ ਹੈ। ਸੈਨਹੋਜੇ ਪੁਲਿਸ ਵਿਭਾਗ ਨੇ ਕਿਹਾ ਹੈ ਕਿ ਸ਼ੱਕੀ ਦੋਸ਼ੀ ਦੀ ਪਹਿਚਾਣ ਸੰਦੀਪ ਵਜੋਂ ਹੋਈ ਹੈ।ਪੁਲਿਸ ਅਨੁਸਾਰ ਇਹ ਘਟਨਾ 1000 ਅਲਾਮੇਡਾ ਵਿਚ ਵਾਪਰੀ, ਜਿਥੇ ਇਕ ਨਬਾਲਗ ਲੜਕੀ ਆਪਣੀ ਮਾਂ ਨਾਲ ਠਹਿਰੀ ਹੋਈ ਸੀ। ਉਨ੍ਹਾਂ ਨੇ ਪੀਜ਼ਾ ਮੰਗਵਾਇਆ ਸੀ।ਸੈਨਹੋਜੇ ਪੁਲਿਸ ਵਿਭਾਗ ਦੇ ਸੈਕਸੂਅਲ ਅਸਾਲਟ ਇਨਵੈਸਟੀਗੇਸ਼ਨ ਯੂਨਿਟ ਅਨੁਸਾਰ ਜਦੋਂ ਡਲਵਿਰੀ ਡਰਾਈਵਰ ਪੀਜ਼ਾ ਦੇਣ ਆਇਆ, ਤਾਂ ਉਸ ਸਮੇ ਮਾਂ ਕਮਰੇ ਵਿਚ ਨਹੀਂ ਸੀ। ਡਲਿਵਰੀ ਡਰਾਈਵਰ ਜ਼ਬਰਦਸਤੀ ਮੋਟਲ ਦੇ ਕਮਰੇ ਵਿਚ ਦਾਖਲ ਹੋਇਆ ਤੇ ਉਸ ਨੇ ਲੜਕੀ ਨਾਲ ਜਬਰ-ਜਨਾਹ ਕਰਨ ਦੀ ਕੋਸ਼ਿਸ਼ ਕੀਤੀ। ਜਾਂਚ ਅਧਿਕਾਰੀਆਂ ਤੇ ਗਸ਼ਤੀ ਪਾਰਟੀ ਦੇ ਪੁਲਿਸ ਅਫਸਰਾਂ ਨੇ ਉਸੇ ਸ਼ਾਮ ਨੂੰ ਦੇਰ ਗਏ ਕੈਂਪਬੈਲ ਵਿਚੋਂ ਸੰਦੀਪ ਨੂੰ ਗ੍ਰਿਫਤਾਰ ਕਰ ਲਿਆ। ਉਸ ਨੂੰ ਸੈਕਸ ਅਪਰਾਧ ਤਹਿਤ ਸਾਂਟਾ ਕਲਾਰਾ ਕਾਉਂਟੀ ਦੀ ਮੁੱਖ ਜੇਲ ਵਿਚ ਰੱਖਿਆ ਗਿਆ ਹੈ।





ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333



## Full Cleaning Service

ਦਫਤਰ, ਨਵੇਂ ਪੁਰਾਣੇ ਘਰ ਦੀ ਤਸੱਲੀਬਖਸ਼ ਸਫਾਈ ਕਰਦੇ ਹਾਂ।ਵੀਕਐਂਡ ਅਤੇ ਸ਼ਾਮ ਨੂੰ ਵੀ ਸੇਵਾਵਾਂ ਦਿੰਦੇ ਹਾਂ।

ਹੋਰ ਜਾਣਕਾਰੀ ਲਈ ਫੋਨ ਕਰੋ

604-518-4698



Open 24 Hours 7 Days a Week

## ATLAS ANIMAL HOSPITAL





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life


Dr. H. Bhullar & Associates

Tel: 604-301-0300

5696 Fraser St, Vancouver, BC, V5W 2Z4

www.atlasvetsinvancouver.com

# ਸਿਹਤ ਸੰਬੰਧੀ






# ਹਾਜ਼ਮੇ ਸੰਬੰਧੀ ਰੋਗ ਅਤੇ ਹੋਮਿਓਪੈਥੀ

ਜਿਗਰ ਜਾਂ ਲਿਵਰ ਸਾਡੇ ਸਰੀਰ ਵਿੱਚ ਸਭ ਤੋਂ ਵੱਡੀ ਗ੍ਰੰਥੀ ਹੈ ਅਤੇ ਜਿਗਰ ਇੱਕ ਪ੍ਰਮੁੱਖ ਰਸਾਇਣ ਫ਼ੈਕਟਰੀ ਵਾਂਗ ਕੰਮ ਕਰਦਾ ਹੈ। ਇਹ ਪੇਟ ਦੇ ਉੱਪਰਲੇ ਪਾਸੇ ਸੱਜੇ ਭਾਗ ਵਿੱਚ ਡਾਇਆਫ਼ਰਾਮ ਦੇ ਹੇਠਾ ਹੁੰਦਾ ਹੈ ਅਤੇ ਇਸ ਦਾ ਪ੍ਰਮੁੱਖ ਹਿੱਸਾ ਪਸਲੀਆਂ ਨਾਲ ਢਕਿਆ ਰਹਿੰਦਾ ਹੈ। ਜਿਗਰ ਵੇਖਣ ਵਿੱਚ ਨਰਮ ਅਤੇ ਭੂਰੇ ਲਾਲ ਰੰਗ ਦੀ ਗ੍ਰੰਥੀ ਹੈ। ਇਸ ਦੀ ਅਹਿਮੀਅਤ ਇਹ ਹੈ ਕਿ ਸਾਡੇ ਸਰੀਰ ਵਹਿੰਦੇ ਖ਼ੂਨ ਦਾ ਤਕਰੀਬਨ ਚੌਥਾ ਹਿੱਸਾ ਹਮੇਸ਼ਾ ਜਿਗਰ ਵਿੱਚ ਜਮ੍ਹਾਂ ਰਹਿੰਦਾ ਹੈ। ਪਾਚਨ ਕਿਰਿਆ ਵਿੱਚ ਜਿਗਰ ਦਾ ਮਹੱਤਵਪੂਰਣ ਯੋਗਦਾਨ ਹੈ। ਮੂੰਹ, ਗਰਾਸ-ਨ਼ਲੀ, ਮਿਹਦੇ ਅਤੇ ਛੋਟੀ ਅੰਤੜੀਆਂ ਰਾਹੀਂ ਭੋਜਨ ਹਜ਼ਮ ਕਰਨ ਦਾ ਕੰਮ ਜਿਗਰ ਦੇ ਯੋਗਦਾਨ ਬਿਨਾਂ ਸੰਪੂਰਨ ਨਹੀਂ ਹੁੰਦਾ। ਖਾਧੇ ਹੋਏ ਭੋਜਨ ਵਿੱਚੋਂ ਮਿਲੀ ਤਾਕਤ ਦਾ ਪ੍ਰਤੀਬਿੰਬ ਜਿਗਰ ਦੀ ਪ੍ਰਕ੍ਰਿਆ ਨਾਲ ਹੀ ਮਿਲਦਾ ਹੈ। ਪਾਚਨ ਕ੍ਰਿਆ ਵਿੱਚ ਯੋਗਦਾਨ ਦੇਣ ਤੋਂ ਇਲਾਵਾ ਜਿਗਰ ਖ਼ੂਨ ਪ੍ਰਵਾਹ ਵਿੱਚ ਪ੍ਰਗਟ ਹੋਣ ਵਾਲੇ ਹਾਨੀਕਾਰਕ ਤੱਤਾਂ ਨੂੰ ਵੀ ਨਸ਼ਟ ਕਰਦਾ ਹੈ। ਇਸ ਤੋਂ ਇਲਾਵਾ ਇਹ ਖ਼ੂਨ ਦੇ ਲਾਲ ਕਣਾਂ ਦੇ ਨਿਰਮਾਣ ਅਤੇ ਵਿਕਾਸ ਵਿੱਚ ਵੀ ਸਹਾਇਤਾ ਕਰਦਾ ਹੈ। ਜਿਗਰ ਦੀ ਕਮਜ਼ੋਰੀ ਕਾਰਣ ਮਾਨਸਿਕ ਅਸੰਤੁਲਨ, ਯਾਦ-ਸ਼ਕਤੀ ਘਟਣੀ, ਦਾੜ੍ਹੀ-ਮੁੱਛਾਂ ਦੇ ਵਾ਼ਲ ਝੜਨੇ, ਜਿਗਰ ਦਾ ਕੈਂਸਰ ਅਤੇ ਪੇਟ ਫੁੱਲਣਾ ਆਦਿ ਜਿਹੇ ਰੋਗ ਹੋ ਜਾਂਦੇ ਹਨ। ਜਿਗਰ ਵਿੱਚ ਆਏ ਵਿਗਾੜਾਂ ਕਾਰਣ ਪੈਰਾਂ ਵਿੱਚ ਸੋਜਸ਼, ਸਰੀਰ ਵਿੱਚ ਖ਼ੂਨ ਦੀ ਕਮੀ, ਥੋੜ੍ਹੀ ਮਿਹਨਤ ਕਰਨ ਨਾਲ ਸਾਹ ਫੁੱਲਣਾ, ਹਿਚਕੀ, ਮੂੰਹ ਵਿੱਚ ਪਾਣੀ ਭਰ ਆਉਣਾ ਆਦਿ ਹੋ ਸਕਦੇ ਹਨ।



ਡਾ. ਸ਼ਵੇਤਾ
MBBS, MD & DHMS (ONT.)
Abbotsford
(604) 304-2236

ਡਾ. ਆਰ.ਐੱਸ. ਸੈਣੀ
(ਹੋਮਿਓਪੈਥ)
Surrey
(604) 502-9579




ਪੇਟ ਵਿੱਚ ਜਲਣ, ਖੱਟੇ ਡਕਾਰ, ਪੇਟ ਗੁਬਾਰੇ ਵਾਂਗ ਤਣ ਜਾਣਾ, ਪੇਟ ਵਿੱਚ ਹਵਾ ਜਾਂ ਹਵਾ ਦਾ ਗੋ਼ਲਾ ਘੁੰਮੀ ਜਾਣਾ, ਗੁੜ-ਗੁੜ ਦੀ ਆਵਾਜ਼ ਆਉਣੀ, ਪਿੜ-ਪਿੜ ਦੀ ਆਵਾਜ਼ ਨਾਲ ਹਵਾ ਦਾ ਸਰਨਾ, ਸਿੱਧੇ ਪੈਣ ’ਤੇ ਖਾਧਾ-ਪੀਤਾ ਉੱਪਰ ਨੂੰ ਆਉਣਾ, ਜੀਅ ਕੱਚਾ ਹੋਣਾ (ਅਵੱਤ), ਪੇਟ ਵਿੱਚ ਜ਼ਹਿਰਬਾਦ ਬਣ ਜਾਣਾ ਆਦਿ, ਪਾਚਨ ਕ੍ਰਿਆ ਦੀ ਗੜਬੜੀ ਦਾ ਸੰਕੇਤ ਹੈ। ਇਸ ਤਰ੍ਹਾਂ ਦੇ ਕਸ਼ਟਦਾਈ ਲੱਛਣਾਂ ਨਾਲ ਪੀੜਤ ਵਿਅਕਤੀ ਬੇਚੈਨ ਅਤੇ ਬੇਹਾਲ ਹੋ ਉੱਠਦਾ ਹੈ, ਉਸ ਦਾ ਠੰਢੀਆਂ ਚੀਜ਼ਾਂ ਖਾਣ-ਪੀਣ ਨੂੰ ਜੀਅ ਕਰਦਾ ਹੈ, ਜਿਨ੍ਹਾਂ ਵਿੱਚ ਠੰਢਾ-ਠਾਰ ਪਾਣੀ, ਠੰਢਾ ਦੁੱਧ, ਆਈਸ-ਕ੍ਰੀਮ ਅਤੇ ਬਰਫ਼ ਚਬਣ ਦਾ ਮਨ ਕਰਨਾ ਸ਼ਾਮਲ ਹੈ।

ਕਸਰਤ ਦੀ ਘਾਟ, ਤ਼ਲੇ ਹੋਏ ਅਤੇ ਮਿਰਚ-ਮਸਾਲਿਆਂ ਵਾਲੇ ਭੋਜਨ ਦਾ ਸੇਵਨ, ਸ਼ਰਾਬ, ਡਰੱਗਜ਼ ਅਤੇ ਦਵਾਈਆਂ ਦੀ ਲੋੜ ਨਾਲੋਂ ਵੱਧ ਵਰਤੋਂ, ਮਨ ਦੇ ਡਰ ਅਤੇ ਚਿੰਤਾਵਾਂ, ਕਾਰੋਬਾਰ ਵਿੱਚ ਘਾਟਾ ਜਾਂ ਆਪਸੀ ਰਿਸ਼ਤਿਆਂ ਦੀ ਤਰੇੜ ਕਾਰਣ ਉਪਜੇ ਮਾਨਸਿਕ ਤਣਾਅ ਕਾਰਣ ਪੇਟ ਦੀ ਗੜਬੜੀ ਦੇ ਲੱਛਣਾਂ ਉਤਪੰਨ ਹੋ ਸਕਦੇ ਹਨ। ਜਿਗਰ ਅਤੇ ਪਾਚਨ ਪ੍ਰਣਾਲੀ ਨਾਲ ਸੰਬੰਧਤ ਹੋਰਨਾ ਰੋਗਾਂ ਤੋਂ ਬਚਣ ਲਈਇਹ ਜ਼ਰੂਰੀ ਹੈ ਕਿ ਭੋਜਨ ਦੀਆਂ ਉਨ੍ਹਾਂ ਤਰੁਟੀਆਂ ਨੂੰ ਦੂਰ ਕੀਤਾ ਜਾਵੇ ਜੋ ਇਸ ਦਾ ਕਾਰਣ ਬਣਦੀਆਂ ਹਨ। ਕਈ ਵਾਰੀ ਅਸੀਂ ਬਿਨਾਂ ਭੁੱਖ ਤੋਂ ਵੀ ਖਾਂਦੇ ਹਾਂ, ਬਾਰ-ਬਾਰ ਖਾਈ ਜਾਂਦੇ ਹਾਂ, ਅਨਿਸ਼ਚਿਤ ਸਮੇਂ ’ਤੇ ਖਾਂਦੇ ਹਾਂ, ਬਿਮਾਰੀ ਦੀ ਹਾਲਤ ਵਿੱਚ ਡਾਕਟਰੀ ਸਲਾਹ ਤੋਂ ਬ਼ਗੈਰ ਖਾਂਦੇ ਹਾਂ, ਲੋੜ ਤੋਂ ਵੱਧ ਜਾਂ ਖਾਣ ਸਮੇਂ ਭੋਜਨ ਨੂੰ ਚੰਗੀ ਤਰ੍ਹਾਂ ਨਹੀਂ ਚਬਾਉਂਦੇ, ਜਿਸ ਕਾਰਣ ਹਾਜ਼ਮਾ ਪ੍ਰਭਾਵਿਤ ਹੁੰਦਾ ਹੈ।

ਹੋਮਿਓਪੈਥੀ ਵਿੱਚ ਕਾਰਗਰ ਦਵਾਈਆਂ ਰਾਹੀਂ ਉਪਰੋਕਤ ਅਲਾਮਤਾਂ ਦਾ ਢੁਕਵਾਂ ਇਲਾਜ ਸੰਭਵ ਹੈ। ਹਰ ਰੋਗ ਦੇ ਪਿਛੋਕੜ ਨੂੰ ਅਤੇ ਪੀੜਤ ਵਿਅਕਤੀ ਦੀ ਜੀਵਨਸ਼ੈਲੀ ਨੂੰ ਸਮਝਦਿਆਂ ਹੋਇਆਂ ਢੁਕਵੀਂ ਦਵਾਈ ਦੀ ਚੋਣ ਕੀਤੀ ਜਾਂਦੀ ਹੈ। ਅਜਿਹਾ ਕਰਨ ਲਈ ਇਹ ਲਾਜ਼ਮੀ ਹੈ ਕਿ ਪੇਸ਼ਾਵਰ ਹੋਮਿਓਪੈਥਿਕ ਪ੍ਰੈਕਟਿਸ਼ਨਰ ਦੀਆਂ ਸੇਵਾਵਾਂ ਦਾ ਲਾਭ ਉਠਾਇਆ ਜਾਵੇ। ਕਿਸੇ ਮਾਹਰ ਸਲਾਹ ਤੋਂ ਬ਼ਗੈਰ ਹੋਮਿਓਪੈਥਿਕ ਦਵਾਈਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਕੁਝ ਸਿਰਕੱਢ ਦਵਾਈਆਂ ਹਨ “ਨਕਸਵਾਮੀਕਾ”, “ਲਾਈਕੋਪੋਡੀਅਮ”, “ਸਲ਼ਫਰ”, “ਕਾਰਬੋ-ਵੈੱਜ”, “ਸਿਨਕੋਨਾ”, “ਮੈਗਮਿਊਰ”, “ਹਾਈਡ੍ਰਾਸਟੀਜ਼” ਆਦਿ। ਲੱਛਣਾਂ, ਅਲਾਮਤਾਂ ਅਤੇ ਪੀੜਤ ਵਿਅਕਤੀ ਦੇ ਸੁਭਾਅ ਦਾ ਤਾਲਮੇਲ ਕਰਦਿਆਂ ਢੁਕਵੀਂ ਸਿੰਗਲ ਦਵਾਈ ਦੀ ਚੋਣ ਇਸ ਰੋਗ ਨੂੰ ਠੀਕ ਕਰਨ ਵਿੱਚ ਸਹਾਈ ਹੁੰਦੀ ਹੈ। ਹੋਮਿਓਪੈਥ ਆਰ.ਐੱਸ. ਸੈਣੀ ਆਪਣੀ ਕਲੀਨਿਕ ਵਿਖੇ ਹਰ ਇੱਕ ਕੇਸ ਨੂੰ ਵਖਰੇਵੇਂ ਨਾਲ ਦੇਖਦਿਆਂ ਹੋਇਆਂ, ਅਤੇ ਕੇਸ ਦੀ ਸਹੀ ਪੜਚੋਲ ਕਰਨ ਉਪਰੰਤ ਮਰੀਜ਼ ਲਈ ਢੁਕਵੀਂ ਦਵਾਈ ਦੀ ਚੋਣ ਕਰਦੇ ਹਨ।

ਨਸ਼ਿਆਂ ਤੋਂ ਛੁਟਕਾਰਾ ਪਾਉ

night & day
recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*

**Surrey's Choice Rehabilitation Centre**

**C: 778-855-3172, F: 778-395-4113**

14688-106 Ave. Surrey BC

info@nightanddayrecovery.ca www.nightanddayrecovery.ca




ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ

**ਹਾਈ ਕਲਾਸ ਜਿਊਲਰ**

ਜਲੰਧਰ ਵਾਲੇ

- ☆ CUSTOM MADE DIAMOND JEWELLERY OF:
- ☆ 10K, 14K,
- ☆ WHITE GOLD &
- ☆ PLATINUM.

Repairing, Polishing & Appraisals

**Step-in and see our exclusive collections of Singapore, India, Pakistan and Custom-made 22K Jewellery**

OFFICIAL AGENTS of RADO WATCHES

ਗਹਿਣਿਆਂ ਦੀ ਦੁਨੀਆਂ
ਵਿੱਚ ਮਸ਼ਹੂਰ ਨਾਮ
ਜਿੱਥੋਂ ਤੁਸੀਂ ਮਨਪਸੰਦ ਜਿਊਲਰੀ
ਖਰੀਦ ਸਕਦੇ ਹੋ

6570 - Main St., (Between 49th & 50th) Vancouver BC

**Ph: 604-327-3132**

FAX: 604-327-0335

# ਹਸਗੁੱਲੇ

ਪਾਪਾ (ਬੇਟੇ ਨੂੰ), ਤੈਨੂੰ ਕੁੜੀ ਵਾਲੇ ਦੇਖਣ ਆ ਰਹੇ ਹਨ, ਆਪਣੀ ਤਨਖਾਹ ਜ਼ਿਆਦਾ ਦੱਸੀ।

ਕੁੜੀ ਦਾ ਪਿਉ, ਬੇਟਾ ਜੀ ਕਿੰਨਾਂ ਕਮਾ ਲੈਂਦੇ ਹੋ ਤੁਸੀਂ ?

ਮੁੰਡਾ, ਅੰਕਲ, ਉਂਝ ਤਾਂ ਮੇਰੀ ਤਨਖਾਹ ਡੇਢ ਕਰੋੜ ਰੁਪਏ ਹੈ, ਪਰ ਕੱਟ-ਕਟਾ ਕੇ 8 ਹਜ਼ਾਰ ਰੁਪਏ ਮਿਲਦੇ ਹਨ।

************

ਸ਼ੋਨੂੰ:- ਤੇਰਾ ਭਰਾ ਅੱਜ-ਕੱਲ੍ਹ ਕੀ ਕਰ ਰਿਹਾ ਹੈ

ਮੋਨੂੰ:- ਇਕ ਦੁਕਾਨ ਖੋਲ੍ਹੀ ਸੀ, ਪਰ ਹੁਣ ਜੇਲ੍ਹ ਵਿੱਚ ਹੈ।

ਸੋਨੂੰ, ਉਹ ਕਿਉਂ ?

ਮੋਨੂੰ:- ਦੁਕਾਨ ਹਥੌੜੇ ਨਾਲ ਖੋਲ੍ਹੀ ਸੀ।

88

ਰਮੇਸ਼:- ਤੇਰਾ ਗਧਾ ਗੁਆਚ ਗਿਆ ਅਤੇ ਤੂੰ ਖੁਸ਼ ਏਂ ?

ਪ੍ਰਵੇਸ਼:- ਚੰਗਾ ਹੋਇਆ ਜਦੋਂ ਉਹ ਗੁਆਚਿਆ ਤਾਂ ਮੈਂ ਉਸ ਦੇ ਨਾਲ ਨਹੀਂ ਸੀ, ਨਹੀਂ ਤਾਂ ਮੈਂ ਵੀ ਗੁਆਚ ਜਾਂਦਾ।

************

ਪ੍ਰੇਮਿਕਾ:- ਕੀ ਕਰ ਰਿਹਾ ਏਂ ?

ਪ੍ਰੇਮੀ:- ਨੋਟ ਜੋੜ ਰਿਹਾ ਹਾਂ।

ਪ੍ਰੇਮਿਕਾ, ਵਾਹ ! ਮੇਰੇ ਨਵੇਂ ਫੋਨ ਲਈ ਨੋਟ ਜੋੜ ਰਿਹਾ ਏਂ ਨਾ। ਸੱਚਮੁੱਚ ਤੂੰ ਕਿੰਨਾ ਚੰਗਾ ਏਂ।

ਪ੍ਰੇਮੀ:- ਤੇਰੀ ਐਸੀ ਕੀ ਤੈਸੀ। 50 ਰੁਪਏ ਦਾ ਨੋਟ ਫੱਟ ਗਿਆ ਹੈ, ਉਸ ਨੂੰ ਟੇਪ ਲਾ ਕੇ ਜੋੜ ਰਿਹਾ ਹਾਂ।

************

ਮੁੰਡਾ (ਕੁੜੀ ਨੂੰ), ਸੁਣ, ਚਿੱਟੀ ਸਲਵਾਰ ਤੇ ਪੀਲਾ ਕੁੜਤਾ ਨਾ ਪਾਇਆ ਕਰ

ਕੁੜੀ:- ਉਹ ਕਿਉਂ ?

ਮੁੰਡਾ:- ਕੱਲ੍ਹ ਮੇਰੀ ਭੈਣ ਕਹਿ ਰਹੀ ਸੀ ਕਿ ਦੇਖ ਤੇਰੀ ਕੜ੍ਹੀ-ਚੌਲ ਆ ਰਹੀ ਹੈ।

************

ਇਕ ਵਿਅਕਤੀ ਨੇ ਆਪਣੇ ਦੋਸਤ ਨੂੰ ਪੁੱਛਿਆ, ਪਤਨੀ ਵੱਲੋਂ ਤਲਾਕ ਦਿੱਤੇ ਜਾਣ 'ਤੇ ਹੁਣ ਤੁਹਾਨੂੰ ਬਹੁਤ ਤਕਲੀਫ ਰਹਿੰਦੀ ਹੋਵੇਗੀ ?

ਦੋਸਤ ਨੇ ਕਿਹਾ, ਨਹੀਂ, ਹੁਣ ਤਾਂ ਸਗੋਂ ਮੈਂ ਜ਼ਿਆਦਾ ਸੁਖੀ ਹਾਂ। ਪਹਿਲਾਂ ਮੈਨੂੰ ਦੋ ਬੰਦਿਆਂ ਦਾ ਕੰਮ ਕਰਨਾ ਪੈਂਦਾ ਸੀ, ਹੁਣ ਇਕੋ ਦਾ ਕਰਨਾ ਪੈਂਦਾ ਹੈ।

************

ਅਧਿਆਪਕ:- ਨਿਊਟਨ ਦਾ ਨਿਯਮ ਦੱਸ।

ਵਿਦਿਆਰਥੀ,:-ਸਰ ਪੂਰਾ ਤਾਂ ਯਾਦ ਨਹੀਂ, ਲਾਸਟ ਲਾਈਨ ਯਾਦ ਹੈ।

ਅਧਿਆਪਕ:- ਚੱਲ ਤੂੰ ਲਾਸਟ ਲਾਈਨ ਹੀ ਸੁਣਾ ਦੇ।

ਵਿੱਦਿਆਰਥੀ, "... ਅਤੇ ਇਸੇ ਨੂੰ ਨਿਊਟਨ ਦਾ ਨਿਯਮ ਕਹਿੰਦੇ ਹਨ।




************

ਇਕ ਵਾਰ ਇਕ ਆਦਮੀ ਆਪਣੇ ਪਰਿਵਾਰ ਨਾਲ ਕਮਰੇ ਵਿੱਚ ਸੁੱਤਾ ਪਿਆ ਸੀ। ਉਸ ਨੂੰ ਬਹੁਤ ਮੱਛਰ ਲੜ ਰਿਹਾ ਸੀ। ਉਸ ਨੇ ਬੱਤੀ ਬੰਦ ਕਰ ਦਿੱਤੀ। ਉਸੇ ਵੇਲੇ ਉਸ ਨੂੰ ਹਨੇਰੇ ਵਿੱਚ ਇਕ ਜੁਗਨੂੰ ਆਉਂਦਾ ਦਿਖਾਈ ਦਿੱਤਾ।

ਉਹ ਜ਼ੋਰ ਨਾਲ ਬੋਲਿਆ, ਹੋਸ਼ਿਆਰ, । ਮੱਛਰ ਟਾਰਚ ਲੈ ਕੇ ਆ ਰਹੇ ਹਨ।

************

ਸੁੰਦਰ ਕਈ ਦਿਨਾਂ ਤੋਂ ਇਕ ਕੁੜੀ ਦਾ ਪਿੱਛਾ ਕਰ ਰਿਹਾ ਸੀ। ਇਕ ਦਿਨ ਕੁੜੀ ਉਸ ਦੀ ਗੱਲ ਸੁਣਨ ਲਈ ਰੁੱਕ ਹੀ ਗਈ। ਸੁੰਦਰ, ਦਿਲਰੁਬਾ ਮੈਨੂੰ ਆਪਣਾ ਦਿਲ ਦੇ ਦੇ, ਫਿਰ ਦੇਖ ਮੈਂ ਕੀ ਕਰਦਾ ਹਾਂ। ਕੁੜੀ, ਕੱਲ੍ਹ ਆਵੀਂ, ਕੱਲ੍ਹ ਦਿਲ ਦੇ ਦੇਵਾਂਗੀ।ਅਗਲੇ ਦਿਨ ਕੁੜੀ ਆਪਣੇ ਨਾਲ ਇਕ ਬੱਚਾ ਲੈ ਕੇ ਆਈ ਅਤੇ ਸੁੰਦਰ ਨੂੰ ਦੇ ਦਿੱਤਾ।

ਸੁੰਦਰ:-, ਇਹ ਕੀ ਹੈ ?

ਕੁੜੀ:-, ਇਹੋ ਤਾਂ ਦਿਲ ਹੈ।

ਸੁੰਦਰ:-ਪਰ ਇਹ ਤਾਂ ਬੱਚਾ ਹੈ।

ਕੁੜੀ:- ਦਿਲ ਤੋਂ ਬੱਚਾ ਹੈ ਜੀ।

************

ਇਕ ਕਾਂਗਰਸੀ ਵਰਕਰ ਆਪਣੀ ਜਨਸੰਘੀ ਦੋਸਤ ਗੀਤੂ ਨਾਲ ਚੋਣਾਂ ਲਈ ਆਪਣੇ-ਆਪਣੇ ਪ੍ਰਚਾਰ ਦੇ ਤਰੀਕਿਆਂ 'ਤੇ ਗੱਲਬਾਤ ਕਰ ਰਹੀ ਸੀ।

ਗੀਤੂ, ਜੋ ਭਾਜਪਾ ਦੀ ਵਰਕਰ ਸੀ, ਬੋਲੀ—"ਮੈਂ ਚੌਵੀ ਘੰਟੇ ਪ੍ਰਚਾਰ ਵਿਚ ਵਿਸ਼ਵਾਸ ਰੱਖਦੀ ਹਾਂ, ਮੈਂ ਤਾਂ ਪ੍ਰਚਾਰ ਦਾ ਛੋਟਾ ਤੋਂ ਛੋਟਾ ਮੌਕਾ ਵੀ ਨਹੀਂ ਛੱਡਦੀ ਜਿਵੇਂ ਜਦੋਂ ਮੈਂ ਕਿਸੇ ਰੈਸਟੋਰੈਂਟ ਵਿਚ ਜਾਂਦੀ ਹਾਂ ਤਾਂ ਬਿਲ ਚੁਕਾਉਂਦੇ ਹੋਏ ਵੇਟਰ ਨੂੰ ਜ਼ਰਾ ਮੋਟੀ ਟਿਪਦੇ ਦਿੰਦੀ ਹਾਂ ਅਤੇ ਉਸ ਨੂੰ ਕਹਿੰਦੀ ਹਾਂ ਕਿ ਵੋਟ ਭਾਜਪਾ ਨੂੰ ਦੇਣਾ। "ਕਾਂਗਰਸੀ ਵਰਕਰ ਬੋਲਿਆ-"ਮੇਰਾ ਆਪਣਾ ਤਰੀਕਾ ਵੀ ਤੁਹਾਡੇ ਨਾਲ ਮਿਲਦਾ-ਜੁਲਦਾ ਹੈ।ਮੈਂ ਵੀ ਜਦੋਂ ਕਿਸੇ ਰੈਸਟੋਰੈਂਟ ਵਿਚ ਜਾਂਦਾ ਹਾਂ ਤਾਂ ਬਿਲ ਚੁਕਾਉਂਦੇ ਹੋਏ ਵੇਟਰ ਨੂੰ ਇੱਕ ਨਵਾਂ ਪੈਸਾ ਟਿਪ ਨਹੀਂ ਦਿੰਦਾ ਅਤੇ ਉਸ ਨੂੰ ਕਹਿ ਦਿੰਦਾ ਹਾਂ ਵੋਟ 'ਭਾਜਪਾ' ਨੂੰ ਪਾਉਣਾ।"




************

ਪਤਨੀ ਇੱਕ ਲੜਕੀ ਵੱਲ ਸੰਕੇਤ ਕਰਦੇ ਹੋਏ—ਤੁਸੀਂ ਇਸ ਲੜਕੀ ਨੂੰ ਜਾਣਦੇ ਹੋ?

ਪਤੀ—ਹਾਂ ! ਕਦੀ ਮੈਂ ਵੀ ਇਸ ਦੇ ਨਾਲ ਸੋਂਦਾ ਹੁੰਦਾ ਸੀ।

ਪਤਨੀ-ਅੱਛਾ! ਕਦੋਂ, ਕਿਥੇ?

ਪਤੀ—ਜਦੋਂ ਮੈਂ ਕਾਲਜ ਵਿਚ ਪੜ੍ਹਦਾ ਸੀ। ਇੰਗਲਿਸ਼ ਦੀ ਕਲਾਸ ਵਿੱਚ

************

ਇਕ ਸੱਜਣ ਨੇ ਆਪਣੀ ਪਤਨੀ ਨੂੰ ਕਿਹਾ—ਮੈਨੂੰ ਦੂਰ ਦੀ ਚੀਜ਼ ਸਾਫ ਦਿਖਾਈ ਨਹੀਂ ਦਿੰਦੀ। ਸੋਚਦਾ ਹਾਂ ਕਿ ਚਸ਼ਮਾ ਬਣਵਾ ਹੀ ਲਵਾਂ।

ਪਤਨੀ ਬੋਲੀ :-"ਬੇਕਾਰ ਪੈਸਾ ਨਸ਼ਟ ਨਾ ਕਰੋ ... ਮੁਹੱਲੇ ਵਿੱਚ ਮੈਥੋਂ ਸੋਹਣੀ ਦੂਜੀ ਔਰਤ ਨਹੀਂ ਹੈ।"

************

ਇਕ ਫ਼ਿਲਮ ਨਿਰਮਾਤਾ ਨੇ ਆਪਣੀ ਸਹੇਲੀ ਨੂੰ ਦੱਸਿਆ- "ਮੈਂ ਇਕ ਰੱਹਸਮਈ ਫ਼ਿਲਮ ਬਣਾ ਰਿਹਾ ਹਾਂ ਜਿਸ ਦਾ ਅੰਤ ਬੇਹੱਦ ਰਹੱਸਪੂਰਨ ਅਤੇ ਹੈਰਾਨ ਕਰਨ ਵਾਲਾ ਹੈ। ਹੱਤਿਆ ਚੌਕੀਦਾਰ ਨੇ ਕੀਤੀ ਸੀ।"

"ਇਸ ਵਿਚ ਰਹੱਸਪੂਰਨ ਅਤੇ ਹੈਰਾਨੀ ਵਾਲੀ ਕਿਹੜੀ ਗੱਲ ਹੈ?" ਸਹੇਲੀ ਨੇ ਪੁਛਿਆ।

"ਫ਼ਿਲਮ ਵਿਚ ਕੋਈ ਚੌਕੀਦਾਰ ਹੈ ਹੀ ਨਹੀਂ।" ਨਿਰਮਾਤਾ ਨੇ ਰਹੱਸਪੂਰਨ ਢੰਗ ਨਾਲ ਮੁਸਕਰਾਉਂਦੇ ਹੋਏ ਕਿਹਾ।

************

"ਕਿੰਨੀ ਵਧੀਆ ਗਾਂ ਹੈ।" ਮਿੰਨੀ ਮੌਜੂ ਨੂੰ ਬੋਲੀ— "ਪਰ ਉਸ ਦੇ ਸਿੰਙ ਕਿਉਂ ਨਹੀਂ ਹਨ?"

"ਯਾਰ।" ਮੰਜੂ ਨੇ ਬੜੀ ਸਾਦਗੀ ਨਾਲ ਕਿਹਾ— "ਕੁਝ ਗਾਵਾਂ ਪੈਦਾ ਹੀ ਸਿੰਙਾਂ ਤੋਂ ਬਿਨਾਂ ਹੁੰਦੀਆਂ ਹਨ। ਕੁਝ ਗਾਵਾਂ ਦੇ ਸਿੰਙ ਕੱਟ ਦਿੱਤੇ ਜਾਂਦੇ ਹਨ। ਕੁਝ ਗਾਵਾਂ ਆਪਸ ਵਿਚ ਲੜ ਕੇ ਸਿੰਙ ਤੋੜ ਲੈਂਦੀਆਂ ਹਨ।

ਯਾਨੀ ਕਿ ਗਾਵਾਂ ਦੇ ਸਿੰਙ ਨਾ ਹੋਣ ਦੀਆਂ ਕਈ ਵਜ੍ਹਾ ਹੁੰਦੀਆਂ ਹਨ। ਪਰ ਇਸ ਗਾਂ ਦੇ ਸਿੰਙ ਨਾ ਹੋਣ ਦੀ ਇਕ ਹੋਰ ਵਜ੍ਹਾ ਹੈ ਅਤੇ ਉਹ ਇਹ ਕਿ ਇਹ ਗਾਂ ਨਹੀਂ ਘੋੜੀ ਹੈ।









# ਭਾਰਤੀ ਵਿਦੇਸ਼ ਨੀਤੀ ਦਾ ਖਤਰਨਾਕ ਪਹਿਲੂ
# ਅਮਰੀਕਾ ਦਾ ਪਿੱਛਲੱਗ ਬਣਨਾ ਭਾਰਤ ਲਈ ਵੱਡਾ ਖਤਰਾ ਬਣ ਸਕਦੈ

9 ਸਾਲ ਤੋਂ ਵੱਧ ਸਮਾਂ ਰਾਜ ਕਰਨ ਵਾਲੀ ਮੋਦੀ ਸਰਕਾਰ ਦੇਸ਼ ਅੰਦਰ ਹਰ ਮੁਹਾਜ਼ 'ਤੇ ਅਸਫ਼ਲ ਸਾਬਤ ਹੋ ਚੁੱਕੀ ਹੈ। ਪਿਛਲੇ ਦਿਨੀਂ ਵਾਪਰੀਆਂ ਕੁਝ ਘਟਨਾਵਾਂ ਨੇ ਸਾਬਤ ਕਰ ਦਿੱਤਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅੱਧੀ ਦੁਨੀਆ ਗਾਹ ਲੈਣ ਦੇ ਬਾਵਜੂਦ ਵਿਦੇਸ਼ ਨੀਤੀ ਦੇ ਮੁਹਾਜ਼ 'ਤੇ ਇਹ ਸਰਕਾਰ ਪੂਰੀ ਤਰ੍ਹਾਂ ਨਾਕਾਮ ਸਿੱਧ ਹੋਈ ਹੈ।ਪਿਛਲੇ ਇੱਕ ਸਾਲ ਤੋਂ ਕਤਰ ਦੀ ਕੈਦ ਵਿੱਚ ਬੰਦ ਸਾਡੇ 8 ਸਾਬਕਾ ਨੇਵੀ ਅਫ਼ਸਰਾਂ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ ਗਈ ਹੈ।

ਉਨ੍ਹਾਂ ਨੂੰ ਇੱਕ ਅਜਿਹੇ ਅਪਰਾਧ ਲਈ ਇਹ ਦੰਡ ਦਿੱਤਾ ਗਿਆ ਹੈ, ਜਿਸ ਦਾ ਪੂਰਾ ਵੇਰਵਾ ਵੀ ਭਾਰਤ ਨੂੰ ਪਤਾ ਨਹੀਂ। ਅਪੁਸ਼ਟ ਖ਼ਬਰਾਂ ਮੁਤਾਬਕ ਉਨ੍ਹਾਂ 'ਤੇ ਇਹ ਦੋਸ਼ ਲਾਇਆ ਗਿਆ ਹੈ ਕਿ ਉਹ ਇਜ਼ਰਾਈਲ ਲਈ ਤਕਨੀਕੀ ਜਾਸੂਸੀ ਕਰ ਰਹੇ ਸਨ। ਕਤਰ ਵਿੱਚ ਅਮਰੀਕਾ ਦਾ ਜਲ ਸੈਨਾ ਅੱਡਾ ਹੈ, ਜਿਸ ਨਾਲ ਇਜ਼ਰਾਈਲ ਦੀ ਪਿਓ-ਪੁੱਤ ਵਾਲੀ ਸਾਂਝ ਹੈ। ਭਲਾ ਫਿਰ ਇਜ਼ਰਾਈਲ ਨੂੰ ਕਤਰ ਦੀ ਜਾਸੂਸੀ ਸਾਡੇ ਸਾਬਕਾ ਨੇਵੀ ਅਫ਼ਸਰਾਂ ਤੋਂ ਕਰਾਉਣ ਦੀ ਕੀ ਲੋੜ ਸੀ। ਯਾਦ ਰਹੇ ਕਿ ਦਿੱਲੀ ਦੰਗਿਆਂ ਸਮੇਂ ਭਾਜਪਾ ਦੀ ਗਰਮ ਮਿਜਾਜ਼ ਨੇਤਾ ਨੂਪੁਰ ਸ਼ਰਮਾ ਨੇ ਇਸਲਾਮ ਵਿਰੁੱਧ ਭੱਦੀ ਟਿੱਪਣੀ ਕੀਤੀ ਸੀ ਤਾਂ ਕਤਰ ਪਹਿਲਾ ਮੁਸਲਿਮ ਦੇਸ਼ ਸੀ, ਜਿਸ ਨੇ ਭਾਰਤ ਕੋਲ ਤਿੱਖਾ ਰੋਸ ਪ੍ਰਗਟ ਕੀਤਾ ਸੀ।

ਸਿੱਟੇ ਵਜੋਂ ਭਾਜਪਾ ਨੂੰ ਨੂਪੁਰ ਸ਼ਰਮਾ ਨੂੰ ਪਾਰਟੀ ਵਿੱਚੋਂ ਬਾਹਰ ਕਰਨਾ ਪਿਆ ਸੀ।ਇਸ ਸਮੇਂ ਹਮਾਸ 'ਤੇ ਇਜ਼ਰਾਈਲੀ ਹਮਲੇ ਵਿਰੁੱਧ ਅਰਬ ਖਾੜੀ ਦੇ ਸਾਰੇ ਦੇਸ਼ ਉੱਬਲ ਰਹੇ ਹਨ। ਜੰਗ ਰੋਕਣ ਲਈ ਕਤਰ ਵਿਚੋਲੇ ਵਜੋਂ ਅਹਿਮ ਭੂਮਿਕਾ ਨਿਭਾਅ ਰਿਹਾ ਹੈ, ਪਰ ਭਾਰਤ ਕਿੱਥੇ ਖੜ੍ਹਾ ਹੈ?

ਸੰਯੁਕਤ ਰਾਸ਼ਟਰ ਵਿੱਚ ਇਜ਼ਰਾਈਲ ਵਿਰੁੱਧ ਮਤਾ ਆਇਆ, ਜਿਸ ਵਿੱਚ ਜੰਗ ਬੰਦ ਕਰਨ ਤੇ ਸ਼ਾਂਤੀ ਬਹਾਲੀ ਦੀ ਗੱਲ ਕਹੀ ਗਈ ਸੀ। ਗਾਜ਼ਾ ਪੱਟੀ ਵਿੱਚ ਹੁਣ ਤੱਕ 8 ਹਜ਼ਾਰ ਤੋਂ ਵੱਧ ਬੇਗੁਨਾਹ ਮਾਰੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ ਅੱਧੋਂ ਵੱਧ ਬੱਚੇ, ਔਰਤਾਂ ਤੇ ਬਜ਼ੁਰਗ ਹਨ। ਇਸ ਮਤੇ ਦੇ ਹੱਕ ਵਿੱਚ 121 ਵੋਟਾਂ ਪਈਆਂ, 14 ਦੇਸ਼ਾਂ ਨੇ ਮਤੇ ਦਾ ਵਿਰੋਧ ਕੀਤਾ ਤੇ ਭਾਰਤ ਸਮੇਤ 44 ਦੇਸ਼ਾਂ ਨੇ ਵੋਟ ਨਹੀਂ ਪਾਈ।

ਵਿਹਾਰਕ ਤੌਰ 'ਤੇ ਇਸ ਦਾ ਮਤਲਬ ਹੈ ਕਿ ਇਹ 44 ਦੇਸ਼ ਮਤੇ ਨੂੰ ਪਾਸ ਕੀਤੇ ਜਾਣ ਦੇ ਵਿਰੁੱਧ ਸਨ। ਇਹ ਉਹੀ ਭਾਰਤ ਹੈ, ਜਿਸ ਨੇ ਜਵਾਹਰ ਲਾਲ ਨਹਿਰੂ ਤੋਂ ਲੈ ਕੇ ਅਟਲ ਬਿਹਾਰੀ ਵਾਜਪਾਈ ਤੱਕ ਹਮੇਸ਼ਾ ਫਲਸਤੀਨ ਦੇ ਪੱਖ ਵਿੱਚ ਅਵਾਜ਼ ਉਠਾਈ ਸੀ। ਅੱਜ ਜਦੋਂ ਯੂਰਪੀ ਦੇਸ਼ਾਂ ਤੋਂ ਲੈ ਕੇ ਅਫ਼ਰੀਕਾ ਤੇ ਏਸ਼ੀਆ ਦੇ ਦੇਸ਼ਾਂ ਤੱਕ ਦੇ ਲੋਕ ਇਜ਼ਰਾਈਲੀ ਬੰਬਾਰੀ ਵਿੱਚ ਮਰ ਰਹੇ ਫਲਸਤੀਨੀ ਬੱਚਿਆਂ, ਔਰਤਾਂ ਤੇ ਲੋਕਾਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰ ਰਹੇ ਹਾਂ, ਅਸੀਂ ਕਾਤਲਾਂ ਦੇ ਹੱਕ ਵਿੱਚ ਖੜ੍ਹੇ ਹੋ ਗਏ ਹਾਂ।ਅਸਲ ਵਿੱਚ ਭਾਰਤ ਦੀ ਵਿਦੇਸ਼ ਨੀਤੀ ਨੂੰ ਅਮਰੀਕਾ ਨਾਲ ਨੱਥੀ ਕਰਨਾ ਸਾਡਾ ਮੁੱਖ ਏਜੰਡਾ ਬਣ ਚੁੱਕਾ ਹੈ। ਇਹੋ ਕਾਰਨ ਹੈ ਕਿ ਭਾਰਤ ਅੱਜ ਆਪਣੇ ਸਾਰੇ ਗੁਆਂਢੀ ਦੇਸ਼ਾਂ ਨਾਲੋਂ ਕੱਟ ਚੁੱਕਾ ਹੈ। ਪਾਕਿਸਤਾਨ ਤੇ ਚੀਨ ਨਾਲ ਸਾਡੇ ਸਰਹੱਦੀ ਝਗੜੇ ਹਨ, ਪਰ ਇਨ੍ਹਾਂ ਨੂੰ ਨਿਬੇੜਣ ਲਈ ਭਾਰਤ ਨੇ ਕਦੇ ਵੀ ਦਿਲਚਸਪੀ ਦਿਖਾਈ ਹੋਵੇ, ਸਾਹਮਣੇ ਨਹੀਂ ਆਈ। ਚੀਨ ਨਾਲ ਫਿਲਪਾਈਨ, ਵੀਅਤਨਾਮ, ਥਾਈਲੈਂਡ ਤੇ ਇੰਡੋਨੇਸ਼ੀਆ ਦੇ ਵੀ ਸਰਹੱਦੀ ਝਗੜੇ ਹਨ, ਪਰ ਉਨ੍ਹਾਂ ਦੇਸ਼ਾਂ ਨੇ ਕੂਟਨੀਤਕ ਸੰਬੰਧਾਂ ਵਿੱਚ ਇਨ੍ਹਾਂ ਨੂੰ ਅੜਿੱਕਾ ਨਹੀਂ ਬਣਨ ਦਿੱਤਾ। ਇਹ ਸਾਰੇ ਦੇਸ਼ ਚੀਨ ਦੀ 'ਬੈੱਲਟ ਐਂਡ ਰੋਡ' ਪਹਿਲ ਦਾ ਹਿੱਸਾ ਹਨ।ਸਾਡੇ ਬਾਕੀ ਗੁਆਂਢੀ ਦੇਸ਼ਾਂ ਦੀ ਹੀ ਗੱਲ ਲਓ; ਸ੍ਰੀਲੰਕਾ, ਮਿਆਂਮਾਰ, ਬੰਗਲਾਦੇਸ਼, ਨੇਪਾਲ ਤੇ ਮਾਲਦੀਵ ਵੀ ਚੀਨ ਦੀ ਇਸ ਕੌਮਾਂਤਰੀ ਪਹਿਲ ਦਾ ਹਿੱਸਾ ਬਣ ਚੁੱਕੇ ਹਨ। ਇੱਕੋ-ਇੱਕ ਭੂਟਾਨ ਸੀ, ਜਿਸ ਨੂੰ ਅਸੀਂ ਆਪਣਾ ਅੰਗ ਸਮਝਦੇ ਸਾਂ, ਉਹ ਵੀ ਸਾਥੋਂ ਦੂਰ ਹੁੰਦਾ ਜਾ ਰਿਹਾ ਹੈ। ਪਿਛਲੇ ਦਿਨੀਂ ਭੂਟਾਨ ਦੇ ਉਪ ਵਿਦੇਸ਼ ਮੰਤਰੀ ਸੁਨ ਵਾਈਦੋਂਗ ਦੀ ਬੀਜਿੰਗ ਯਾਤਰਾ ਦੌਰਾਨ ਆਪਣੇ ਹਮ-ਰੁਤਬਾ ਨਾਲ ਸਰਹੱਦੀ ਨਿਸ਼ਾਨਦੇਹੀ ਲਈ ਕਮਿਸ਼ਨ ਕਾਇਮ ਕਰਨ 'ਤੇ ਸਹਿਮਤੀ ਹੋ ਗਈ ਹੈ। ਭੂਟਾਨ ਦੇ ਪ੍ਰਧਾਨ ਮੰਤਰੀ ਨੇ ਭਾਰਤ ਦੇ ਇੱਕ ਅਖ਼ਬਾਰ ਨੂੰ ਦਿੱਤੀ ਇੰਟਰਵਿਊ ਵਿੱਚ ਇਹ ਸੰਕੇਤ ਦਿੱਤਾ ਹੈ ਕਿ ਚੀਨ ਨਾਲ ਸਰਹੱਦੀ ਸਮਝੌਤੇ ਤਹਿਤ ਕੁਝ ਇਲਾਕਿਆਂ ਦੀ ਅਦਲਾ-ਬਦਲੀ ਹੋਵੇਗੀ ਤੇ ਡੋਕਲਾਮ ਇਲਾਕਾ ਚੀਨ ਨੂੰ ਦਿੱਤਾ ਜਾ ਸਕਦਾ ਹੈ।

ਡੋਕਲਾਮ ਇੱਕ ਤ੍ਰਿਵੈਣੀ ਹੈ, ਜਿੱਥੇ ਭਾਰਤ, ਭੂਟਾਨ ਤੇ ਚੀਨ ਦੀਆਂ ਹੱਦਾਂ ਮਿਲਦੀਆਂ ਹਨ। ਵਰਣਨਯੋਗ ਹੈ ਕਿ ਇਸ ਇਲਾਕੇ ਅੰਦਰ ਚੀਨ ਵੱਲੋਂ ਸੜਕ ਬਣਾਉਣ ਦੀ ਖ਼ਬਰ ਤੋਂ ਬਾਅਦ ਭਾਰਤ ਨੇ 2017 ਵਿੱਚ ਆਪਣੀ ਫੌਜ ਭੇਜ ਦਿੱਤੀ ਸੀ ਤੇ ਦੋਹਾਂ ਦੇਸ਼ਾਂ ਦੀਆਂ ਫੌਜਾਂ 73 ਦਿਨ ਤੱਕ ਆਹਮੋ-ਸਾਹਮਣੇ ਖੜ੍ਹੀਆਂ ਰਹੀਆਂ ਸਨ। ਭਾਰਤ ਦੀ ਇਸ ਕਾਰਵਾਈ ਦਾ ਭੂਟਾਨ ਨੇ ਬੁਰਾ ਮਨਾਇਆ ਸੀ। ਭੂਟਾਨ ਤੇ ਭਾਰਤ ਵਿਚਕਾਰ 1949 ਵਿੱਚ ਦੋਸਤੀ ਸੰਧੀ ਹੋਈ ਸੀ। ਇਸ ਅਨੁਸਾਰ ਭਾਰਤ ਭੂਟਾਨ ਦੀ ਵਿਦੇਸ਼ੀ ਹਮਲਿਆਂ ਤੋਂ ਰਾਖੀ ਕਰੇਗਾ ਤੇ ਭੂਟਾਨ ਆਪਣੀ ਵਿਦੇਸ਼ ਨੀਤੀ ਭਾਰਤ ਅਧੀਨ ਰੱਖੇਗਾ। ਹੁਣ ਭੂਟਾਨ ਦੇ ਚੀਨ ਨਾਲ ਮਜ਼ਬੂਤ ਹੋ ਰਹੇ ਸੰਬੰਧਾਂ ਤੋਂ ਲਗਦਾ ਹੈ ਕਿ ਇਸ ਸੰਧੀ ਦਾ ਵੀ ਭੋਗ ਪੈ ਜਾਵੇਗਾ।

ਉਧਰ ਚੀਨ ਦਾ ਖੋਜੀ ਜਹਾਜ਼ ਸ੍ਰੀਲੰਕਾ ਪਹੁੰਚ ਚੁੱਕਾ ਹੈ, ਜਿਸ ਬਾਰੇ ਭਾਰਤ ਨੇ ਸ੍ਰੀਲੰਕਾ ਨੂੰ ਕਿਹਾ ਸੀ ਕਿ ਉਹ ਇਸ ਜਹਾਜ਼ ਨੂੰ ਆਪਣੇ ਦੇਸ਼ ਵਿੱਚ ਨਾ ਆਉਣ ਦੇਵੇ। ਸਾਫ਼ ਹੈ ਕਿ ਸ੍ਰੀਲੰਕਾ ਨੇ ਭਾਰਤ ਦੀ ਅਪੀਲ ਨੂੰ ਠੁਕਰਾ ਦਿੱਤਾ ਹੈ। ਯਾਦ ਰਹੇ ਕਿ ਪਿੱਛੇ ਜਿਹੇ ਸ੍ਰੀਲੰਕਾ ਨੂੰ ਜਦੋਂ ਕਰਜ਼ਾ ਸੰਕਟ ਦਾ ਸਾਹਮਣਾ ਕਰਨਾ ਪਿਆ ਸੀ ਤਾਂ ਚੀਨ ਨੇ ਹੀ ਉਸ ਦੀ ਬਾਂਹ ਫੜੀ ਸੀ। ਇਸੇ ਹਫ਼ਤੇ ਮਾਲਦੀਵ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਮੁਹੰਮਦ ਮੁਈਜੇ ਨੇ ਬੀ ਬੀ ਸੀ ਨਾਲ ਇੰਟਰਵਿਊ ਵਿੱਚ ਕਿਹਾ ਹੈ ਕਿ ਦੇਸ਼ ਵਿੱਚ ਤਾਇਨਾਤ ਭਾਰਤੀ ਫੌਜੀਆਂ ਨੂੰ ਵਾਪਸ ਭਾਰਤ ਭੇਜਣਾ ਉਸ ਦੀ ਮੁੱਖ ਪਹਿਲ ਹੋਵੇਗੀ। 'ਵਿਸ਼ਵ ਗੁਰੂ' ਦਾ ਹਰ ਪਾਸੇ ਡੰਕਾ ਵੱਜ ਰਿਹਾ ਹੈ।

ਅਸਲ ਵਿੱਚ ਸਾਡੇ ਹਾਕਮ ਦਾ ਇੱਕੋ-ਇੱਕ ਮਕਸਦ ਅਮਰੀਕਾ-ਚੀਨ ਤੇ ਰੂਸ ਵਿੱਚ ਸ਼ੁਰੂ ਹੋ ਚੁੱਕੀ ਠੰਢੀ ਜੰਗ ਵਿੱਚ ਭਾਰਤ ਨੂੰ ਅਮਰੀਕਾ ਦਾ ਪਿੱਛਲੱਗ ਬਣਾਉਣਾ ਹੈ।

ਭਾਰਤੀ ਹਾਕਮ ਇਹ ਭੁੱਲ ਜਾਂਦੇ ਹਨ ਕਿ ਪੱਛਮੀ ਦੇਸ਼ ਮੱਕਾਰ ਸਿਆਸਤਦਾਨ ਹਨ। ਉਹ ਹਮੇਸ਼ਾ ਦੂਜੇ ਦੇ ਮੋਢੇ ਉੱਤੇ ਰੱਖ ਕੇ ਚਲਾਉਣ ਦੇ ਮਾਹਰ ਹਨ। ਲੋੜ ਪੈਣ ਉੱਤੇ ਉਹ ਨੇੜਲਿਆਂ ਨੂੰ ਵੀ ਧੋਖਾ ਦੇ ਸਕਦੇ ਹਨ। ਭਾਰਤ ਨੇ ਕੈਨੇਡਾ ਨਾਲ ਛਿੜੇ ਵਿਵਾਦ ਵਿੱਚ ਹੀ ਦੇਖ ਲਿਆ ਹੋਵੇਗਾ, ਕਿਵੇਂ ਅਮਰੀਕਾ ਸਮੇਤ ਸਾਰੇ ਪੱਛਮੀ ਦੇਸ਼ਾਂ ਦੇ ਹਾਕਮ ਕੈਨੇਡਾ ਦੀ ਪਿੱਠ ਉੱਤੇ ਆਣ ਖੜ੍ਹੇ ਹੋਏ ਸਨ।ਉਪਰੋਕਤ ਸਾਰੇ ਹਾਲਾਤ ਦੱਸਦੇ ਹਨ ਕਿ ਸਾਡਾ ਦੇਸ਼ ਗਲਤ ਹੱਥਾਂ ਵਿੱਚ ਆ ਕੇ ਗਲਤ ਰਾਹ ਉੱਤੇ ਪੈ ਚੁੱਕਾ ਹੈ। ਜੇਕਰ ਇਸੇ ਤਰ੍ਹਾਂ ਹੀ ਚਲਦਾ ਰਿਹਾ ਤਾਂ ਦੇਸ਼ ਨੂੰ ਇਸ ਦੀ ਭਾਰੀ ਕੀਮਤ ਤਾਰਨੀ ਪਵੇਗੀ।

**-ਚੰਦ ਫਤਿਹਪੁਰ**


Let Us Save Lives

BLOOD DONATION BY SIKH NATION

25 YEARS OF SAVING LIVES

to commemorate

Genocide 1984



176,000 LIVES HAVE BEEN SAVED

ID SIKH001313

VANCOUVER Nov 18 10:00 am - 5:00 pm
Donor Centre - 4750 Oak St

ABBOTSFORD Nov 03 10:00 am - 4:45 pm
Nov 04 10:00 am - 4:45 pm
Emmanuel Mennonite Church 3471 Clearbrook Rd

KAMLOOPS Nov 28 1:00 pm - 6:00 pm
Oasis Church - 1205 Rogers Way

KELOWNA Nov 04 8:00 am - 3:30 pm
Kelowna Plasma Centre - 2271 Harvey Ave

SURREY Nov 10 10:00 am - 4:45 pm
Nov 11 10:00 am - 4:45 pm
Princess Margaret SS - 12870 72 Ave

VICTORIA Nov 15 12:00 pm - 5:00 pm
Victoria Donor Centre - 3449 Saanich Rd

Campaign schedule 2023

USA

Gurdwara Sahib Yuba City
2468 Tierra Buena Rd,
Yuba City, CA 95993,
United States
4th November 2023
From 10AM To 3PM

Please observe
One Minute of Silence
November 1st at 6:00 PM
In the memory of the victims of
SIKH GENOCIDE 1984

604.369.1984

www.genocide1984.com

604.369.1984

"Injustice anywhere is a threat to justice everywhere"

# ਕਾਵਿ ਕਿਆਰੀ

## ਬੱਤੀ ਦੀ ਥਾਂ ਆਂਦਰ ਬਲਦੀ

ਬੱਤੀ ਦੀ ਥਾਂ ਆਂਦਰ ਬਲਦੀ,
ਤੇਲ ਦੀ ਥਾਂ ਮੇਰੀ ਚਰਬੀ ਢਲਦੀ।
ਇਸ ਦੀਵੇ ਦੇ ਨਾਲ ਭਲਾ ਦੱਸ,
ਕਿਹੜਾ ਜੱਗ ਰੁਸ਼ਨਾਓਗੇ?
ਜਬਰ ਜ਼ੁਲਮ ਦੀ ਮੂਰਤ ਬਣਕੇ,
ਤੁਸੀਂ ਹੀ ਚੇਤੇ ਆਉਗੇ।

ਬਲਦੀਆਂ ਸੜਕਾਂ ਸਿਖ਼ਰ ਦੁਪਹਿਰੇ।
ਮੀਟ ਗਏ ਅੱਖਾਂ ਅਦਲ ਕਟਹਿਰੇ।
ਹਾਕਮ ਬਣ ਗਏ ਗੂੰਗੇ ਬਹਿਰੇ।
ਜਦੋਂ ਕਿਤੇ ਵੀ ਟਾਇਰ ਬਲੇਗਾ,
ਆਪੇ ਤੋਂ ਘਬਰਾਓਗੇ।
ਮਨ ਦੀ ਏਸ ਕਚਹਿਰੀ ਕੋਲੋਂ,
ਬਚ ਕੇ ਕਿੱਧਰ ਜਾਓਗੇ?

ਚੜ੍ਹਦੈ ਹੁਣ ਵੀ ਜਦੋਂ ਨਵੰਬਰ।
ਜਾਪੇ ਧਰਤੀ ਕਾਲਾ ਅੰਬਰ।
ਸੋਚ ਸੋਚ ਕੇ ਜਾਵਾਂ ਠਠੰਬਰ।
ਜਿੰਨ੍ਹਾਂ ਘਰਾਂ ਦੇ ਦੀਵੇ ਬੁਝ ਗਏ,
ਮੁੜ ਕੇ ਕਿਵੇਂ ਜਗਾਓਗੇ?

ਸੱਜਣਾ! ਤੂੰ ਚੰਗੀ ਨਾ ਕੀਤੀ।
ਭਗਤ ਕਹਾਵੇਂ ਮਨ ਬਦਨੀਤੀ।
ਨਾ ਜਗਦੀਸ਼ਰ ਉਲਟੀ ਰੀਤੀ।
ਚਿੱਟੇ ਵਸਤਰ ਹੇਠ ਭਲਾ ਦੱਸ,
ਕਾਲਖ ਕਿਵੇਂ ਛੁਪਾਓਗੇ?
ਵਿਧਵਾਵਾਂ ਦੇ ਹਾਉਕੇ ਕੋਲੋਂ,
ਬਚ ਕੇ ਕਿੱਧਰ ਜਾਓਗੇ।

ਤੇਰੇ ਸ਼ਹਿਰ ਦੀਆਂ ਜੋ ਗਲੀਆਂ।
ਕਦੇ ਨਹੀਂ ਸੀ ਏਦਾਂ ਬਲੀਆਂ।
ਲਾਟਾਂ ਭਰਨ ਕਲਾਵੇ ਕਲੀਆਂ।
ਸਣੇ ਪੰਘੂੜੇ ਬਾਲਣ ਬਣ ਗਏ,
ਕਿੱਦਾਂ ਬਾਲ ਜਗਾਉਗੇ?

ਮੰਨਿਆ ਮੈਂ ਇਹ ਕਥਨ ਕਹਾਣਾ।
ਡਿੱਗੇ ਜਦ ਵੀ ਰੁੱਖ ਪੁਰਾਣਾ।
ਧਰਤ ਡੋਲਦੀ ਵਰਤੇ ਭਾਣਾ।
ਪਰ ਅੱਗ ਪਰਖ਼ੇ ਚਿਹਰੇ, ਬੰਦੇ,
ਇਹ ਸੱਚ ਕਿੰਜ ਮੰਨਵਾਉਗੇ?
ਚੀਕਾਂ ਤੇ ਕੁਰਲਾਹਟਾਂ ਵਿਚੋਂ
ਤੁਸੀਂ ਹੀ ਨਜ਼ਰੀਂ ਆਉਗੇ।

ਜਿੰਨ੍ਹਾਂ ਨੂੰ ਹਥਿਆਰ ਬਣਾਇਆ।
ਬੰਦੇ ਮਾਰਨ ਧੰਦੇ ਲਾਇਆ।
ਵੋਟਾਂ ਦਾ ਤੰਦੂਰ ਤਪਾਇਆ।
ਉਨ੍ਹਾਂ ਪਸ਼ੂਆਂ ਤਾਈਂ ਮੁੜ ਕੇ,
ਮਾਣਸ ਕਿਵੇਂ ਬਣਾਉਗੇ?
ਬਲਦੀ ਤੀਲੀ ਵੇਖਦਿਆਂ ਹੀ,
ਤੁਸੀਂ ਹੀ ਚੇਤੇ ਆਉਗੇ।

ਰਾਜ ਭਾਗ ਦੇ ਰੰਗਲੇ ਪਾਵੇ।
ਚਮਕਣ ਰਾਜਾ ਜਿੱਦਾਂ ਚਾਹਵੇ।
ਸਾਡੀ ਰੱਤ ਦਾ ਲੇਪ ਚੜ੍ਹਾਵੇ।
ਦਰਦ ਮੰਦਾਂ ਦੀਆਂ ਚੀਕਾਂ ਸੁਣ ਕੇ,
ਨੀਂਦਰ ਕਿੱਦਾਂ ਪਾਉਗੇ?



*ਗੁਰਭਜਨ ਸਿੰਘ ਗਿੱਲ

## ਸੀ ਐੱਮ ਦਾ ਸੱਲ

ਭੰਡਣ ਵਾਸਤੇ ਸਾਰੇ ਹੋ ਜਾਣ 'ਕੱਠੇ,
ਪੰਜਾ, ਕਮਲ ਤੇ ਨਾਲ ਹੀ 'ਦਲ' ਹੁੰਦਾ।
ਨਿੱਤ ਨਵੇਂ ਤੋਂ ਨਵੇਂ ਇਲਜ਼ਾਮ ਲਾਉਂਦੇ,
ਫਿਰ ਵੀ ਕਿਸੇ ਤੋਂ ਨਹੀਂ ਦਬੱਲ ਹੁੰਦਾ।
ਸੱਤਰ ਸਾਲਾਂ ਦੇ ਪਾਏ ਝਮੇਲਿਆਂ ਦਾ,
ਕਹਿੰਦੇ ਦਿਨਾਂ 'ਚ ਕਾਹਤੋਂ ਨ੍ਹੀਂ ਹੱਲ ਹੁੰਦਾ।
ਰਾਜਪਾਲ ਵੀ ਰਾਜ-ਹਿਤ ਪਾਲਦਾ ਨਾ,
ਪੰਗੇ ਪਾਉਣ ਲਈ ਮਾਲਕਾਂ ਵੱਲ ਹੁੰਦਾ।
'ਵਿਸ ਘੋਲਦੇ' ਰਹਿੰਦੇ ਐ ਸੱਪ ਵਾਂਗੂੰ,
'ਸੀ ਐੱਮ ਦੇਖ ਕੇ ਸੀਨੇ ਚ ਸੱਲ ਹੁੰਦਾ।
ਕੁਰਸੀ 'ਧਨ-ਕੁਬੇਰਾਂ' ਰਜਵਾੜਿਆਂ ਦੀ,
ਬੈਠਾ 'ਮਾਸਟਰ ਦਾ ਮੁੰਡਾ' ਨਾਂ ਝੱਲ ਹੁੰਦਾ !

ਤਰਲੋਚਨ ਸਿੰਘ 'ਦੁਪਾਲਪੁਰ'

# ਲੋਹੇ ਦੀ ਔਰਤ

ਲੋਹੇ ਵਿਚਦੀ ਛੇਕ ਇਨੇ ਕਢੇ ਬੇਗਾਨਿਆਂ ਪੁਤਾਂ ਕਿ ਲਗਦਾ ਸੀ ਆਰਡਰ ਉਪਰ ਛਾਨਣਾ ਬਣਾਇਆ ਹੋਵੇ ਕਿਸੇ। ਲੋਹੇ ਵਿਚਦੀ ਲੋਹਾ ਵੀ ਓਥੇ ਓਥੇ ਕਢਿਆ ਬੰਦਿਆਂ ਜਿਥੇ ਪਹਿਲਾਂ ਕਿਸੇ ਕਦੇ ਨਾ ਸੀ ਕੱਢਿਆ।

ਇੰਦਰਾ ਲੋਹੇ ਦੀ ਔਰਤ ਬਣਨ ਦੇ ਚਾਅ ਵਿਚ ਹੀ ਲੋਹਾ ਕੁਟਵਾ ਬੈਠੀ ਆਵਦਾ। ਉਸ ਨੂੰ ਪਤਾ ਨਾ ਸੀ ਕਿ ਹਥੌੜਿਆਂ ਵਾਲੇ ਲੁਹਾਰ ਵੀ ਨਾਲ ਹੀ ਤੁਰੇ ਫਿਰਦੇ ਨੇ ਜਿਹੜੇ ਅੰਦਰੋਂ ਮੱਘਦੀ ਭੱਠੀ ਤਰਾਂ ਸੜ ਰਹੇ ਨੇ ਜਦ ਦੇ ਅਕਾਲ ਤਖਤ ਤੋਂ ਹੋ ਕੇ ਮੁੜੇ ਸੀ।

ਢੱਠੀ ਪੱਗ ਕੱਛ ਵਿੱਚ ਲਈ ਖੜਾ ਅਕਾਲ ਤਖਤ ਜਦ ਦੇਖਿਆ ਤਾਂ ਪਿਓ ਦਾ ਨੰਗਾ ਸਿਰ ਦੇਖ ਧਾਹਾਂ ਈ ਤਾਂ ਨਿਕਲ ਗਈਆਂ ਬੰਦਿਆਂ ਦੀਆਂ। ਅੰਦਰ ਬਲ ਰਹੀ ਭੱਠੀ ਦਾ ਸੇਕ ਹੁਣ ਸੌਣ ਕਾਹਨੂੰ ਦਿੰਦਾ ਸੀ। ਲੋਹਾ ਤਾਂ ਓਥੇ ਹੀ ਤਪ ਕੇ ਸੁਰਖ ਹੋ ਗਿਆ ਬਸ ਬਰੂਦ ਹੀ ਪੈਣ ਵਾਲਾ ਸੀ ਵਿਚ।ਕਹਿੰਦੇ ਇੰਦਰਾ ਬੜੀ ਹੰਡੀ ਹੋਈ ਰਾਜਨੀਤਕ ਸੀ ਪਰ ਮੈਂ ਕਹਿੰਨਾ ਉਸ ਵਰਗੀ ਬੇਵਕੂਫ ਔਰਤ ਹੀ ਕੋਈ ਨਾ ਸੀ ਜਿਹੜੀ ਪਿੰਨਾ ਖਿਚ ਕੇ ਦੋ ਗਰਨੇਡ ਨਾਲ ਹੀ ਬੰਨੀ ਫਿਰਦੀ ਸੀ ਅਤੇ ਜਿਸ ਨੂੰ ਖੁਦ ਦੇ ਹੀ ਮੁਲਖ ਦੇ ਬੰਦਿਆਂ ਦੇ ਇਤਿਹਾਸ ਬਾਰੇ ਭੋਰਾ ਜਾਣਕਾਰੀ ਨਾ ਸੀ।

ਘਟੋ ਘੱਟ ਮੱਸੇ ਰੰਘੜ ਨੂੰ ਹੀ ਪੁਛ ਲੈਂਦੀ ਜੇ ਨਹੀ ਸੀ ਜਿਆਦਾ ਸਮਾ ਤਾਂ।ਮੱਸੇ ਨੂੰ ਵੀ ਕਿਸੇ ਸਮੇ ਭੁਲੇਖਾ ਹੋਣਾ ਕਿ ਮੈਂ ਲੋਹੇ ਦਾ ਬੰਦਾ ਕਿਹੜਾ ਵਾ ਵੱਲ ਵੇਖੂ ਜੱਟ ਦੀ ਪਰ ਪਤਾ ਹੀ ਤਦ ਲਗਾ ਜਦ ਸਿਰ ਔਹ ਪਿਆ ਈ।ਯਾਦ ਰੱਖਣਾ ਲੋਹੇ ਨਾਲ ਹੀ ਲੋਹਾ ਕੱਟ ਹੁੰਦਾ ਜੇ ਔਰਤ ਓਹ ਲੋਹੇ ਦੀ ਸੀ ਤਾਂ ਬੰਦੇ ਸਾਡੇ ਕਿਹੜੇ ਕੱਚ ਦੇ ਸਨ। ਕਿ ਸਨ?

-ਗੁਰਦੇਵ ਸਿੰਘ ਸੱਧੇਵਾਲੀਆ

# ਦਲਿਤ ਜਾਤੀਆਂ ਉੱਪਰ ਅੱਤਿਆਚਾਰ

ਭੁਪਾਲ:ਭਾਰਤ ਵਿੱਚ, 2021 ਵਿੱਚ ਅਨੁਸੂਚਿਤ ਜਨਜਾਤੀਆਂ (ਐਸਟੀ) ਵਿਰੁੱਧ 8,802 ਅਪਰਾਧ ਦੀਆਂ ਘਟਨਾਵਾਂ ਦਰਜ ਕੀਤੀਆਂ ਗਈਆਂ ਸਨ। ਇਨ੍ਹਾਂ 'ਚੋਂ 30 ਫੀਸਦੀ ਘਟਨਾਵਾਂ ਇਕੱਲੇ ਮੱਧ ਪ੍ਰਦੇਸ਼ 'ਚ ਹੋਈਆਂ, ਜਿਨ੍ਹਾਂ ਦੀ ਗਿਣਤੀ 2,627 ਹੈ ਯਾਨੀ ਰੋਜ਼ਾਨਾ 7 ਘਟਨਾਵਾਂ। ਪੀਪਲਜ਼ ਆਰਕਾਈਵ ਆਫ਼ ਰੂਰਲ ਇੰਡੀਆ (ਫਅ੍ਰੀ) ਦੀ ਰਿਪੋਰਟ ਦਰਸਾਉਂਦੀ ਹੈ ਕਿ ਜਿਵੇਂ-ਜਿਵੇਂ ਰਾਜ ਵਿੱਚ ਚੋਣਾਂ ਨੇੜੇ ਆ ਰਹੀਆਂ ਹਨ, ਆਦਿਵਾਸੀਆਂ ਵਿਰੁੱਧ ਅੱਤਿਆਚਾਰ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ।

GARCHA Plumbing Heating & Repair Ltd.


ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha
604-306-3276
Big Or Small, We Do It All

SINGH THIND & ASSOCIATES
#208, 7110 120 Street, Surrey, BC
"ਆਪਣੇ ਭਾਈਚਾਰੇ ਦਾ ਮਾਣ"
*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ
Civil Litigation
*Contract Disputes
*Construction Disputes
*Debt Collection
*Business Disputes
*Builders Lien
Divorce Cases
Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution
Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits


604.543.3886
SINGH THIND & ASSOCIATES
BARRISTERS & SOLICITORS



FRASERVIEW MEATS
FRASERVIEW MEATS
Fresh tastes better
The Name of Guaranteed Quality Meats
Number One Quality Meat in Lower Mainland
We also sell cooked chicken We take orders for all occassion
Serving You Since 1993
Try our Special Chicken Tikkar
Jagir S. Nagra
604-592-2900
#102-12047-80th Ave. Surrey (Besides Mega Fruticana)
www.fraserviewmeats.com




Rai
Express Lines Ltd.
Hiring
Team Owner Operators
• All miles paid
• Year round work
• Criminal record check
• Flexible time off
• On site maintenance/wash facility
• Family atmosphere
• Direct deposit
Karnail Singh Rai
President
Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8




ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ
ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ
ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ
ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ
ਬੈਂਕੁਇਟ ਹਾਲ 150 ਸੀਟਾਂ ਵਾਲਾ
ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ
SHAHI CATERING
SWEETS & RESTAURANT
WE DO CATERING ALL OVER BC
778-565-4141 778-928-4522
12815 - 85 Avenue, Surrey BC
50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ
ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ
ਕੁਲਵਿੰਦਰ ਸਿੰਘ ਪੂਨੀ
12815, 85 Ave Surrey BC. | www.shahicaterers.ca | Email: kspooni95@hotmail.de
778-928-4522, 778-565-4141, 778-565-3232


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT $1550
2 PCS SOFA & LOVE SEAT $1550
2 PCS SOFA & LOVE SEAT $1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

LANGLEY
BANQUET HALL



ਵਿਆਹ-ਸ਼ਾਦੀ, ਜਨਮ ਦਿਨ ਜਾ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ ਬੈਂਕੁਇਟ ਹਾਲ
ਬੁੱਕ ਕਰੋ।

- Wedding • Corporate Events
- Private Dinner • Bithday Parties
- Gurudwara and Live Catering

ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।

Call:Davinder Grewal
604-537-9759
info@langleybanquethall.com
3227 264 St UNIT #6, Aldergrove, BC V4W 2X3

ਇੰਡੋ-ਕੈਨੇਡਾ ਟਰੈਵਲ ਏਜੰਸੀ
INDO CANADA TRAVEL AGENCY



ਘੱਟ ਕਿਰਾਇਆ - ਸਹੀ ਸਲਾਹ
*Best Airfares with Quality Assistance*
ਇੰਡੀਆ ਅਤੇ ਦੁਨੀਆਂ ਭਰ ਵਿੱਚ ਕਿਤੇ ਵੀ ਜਾਣ-ਆਉਣ ਲਈ ਸਪੈਸ਼ਲ ਰੇਟ ਤੇ ਟਿੱਕਟਾਂ ਖ਼ਰੀਦੋ
+1 604 388 9696 , 604 503 8011
#217-8028-128St, Surrey, BC
(Little India Plaza) (Second Floor)

.Ck Auto.
CK AUTO SERVICES LTD.

SALE
BUY 4 TIRES & GET ALLIGNMENT AT 1/2 PRICE
FLAT TYRE REPAIR FREE

40% off
ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ
Clearance Sale
*Limited Quantity
On All Seasons & Winter Tires
(Auplus & Comforser)


NEW
AUPLUS Comforser BRIDGESTONE MICHELIN


TARSHOTAM BIRAN

215/70R16
COMFORSER
Reg: ~~$155.00~~
Now : $70.00



235/65R17
COMFORSER
Reg: ~~$220.00~~
Now : $95.00



245/65R17
COMFORSER
Reg: ~~$240.00~~
Now : $100.00



215/70R15
GOOD YEAR INTEGRITY
Reg: ~~$120.00~~
Now : $90.00



SALE
Comforser
Size: 205/60/16
Reg Price: ~~$110~~
Sale Price : $55



Auplus
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ ਦੇ ਟਾਇਰ ਵੀ ਵੇਚਦੇ ਹਾਂ
ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

Cell: 778-322-1610, Tel: 604-592-2667 #106-13112-84th Ave.,Surrey